**ਰੇਡੀਓ ਲੜੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ**

**ਕੜੀ-20, ਪਾਣੀ ਦੀ ਸੰਭਾਲ- ਕੱਲ੍ਹ ਵਾਸਤੇ (Conserve Water for Tomorrow)**

**ਖੋਜ ਤੇ ਲੇਖਣ: ਸ੍ਰੀਨਿਵਾਸ ਓਲੀ**

**ਪੰਜਾਬੀ ਰੁਪਾਂਤਰਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ**

( In today's episode we will discuss the different sources of water and their conservation measures. Where did this water come from. And if water is such a plentiful resource why do we need to conserve it? These questions haunt Sumit as he returns to his roots on vacation. Will Sumit find answers to these vexing question? Let's join Sumit and find out.)
(ਅੱਜ ਅਸੀਂ ਗੱਲ ਕਰਾਂਗੇ ਪਾਣੀ ਦੇ ਭਿੰਨ-ਭਿੰਨ ਸ੍ਰੋਤਾਂ ਅਤੇ ਉਨ੍ਹਾਂ ਦੇ ਸੁਰੱਖਿਅਣ ਬਾਰੇ। ਆਖਿਰ ਕਿਥੋਂ ਆਉਂਦਾ ਹੈ ਇਹ ਪਾਣੀ......? ਜਦੋਂ ਐਨਾਂ ਸਾਰਾ ਪਾਣੀ ਸਾਨੂੰ ਨਜ਼ਰ ਆਉਦਾ ਹੈ ਤਾਂ ਫਿਰ ਇਸਨੂੰ ਬਚਾਉਣ ਦੀ ਚਿੰਤਾ ਕਿਉਂ......? ਅਤੇ ਕੀ ਇਹ ਪਾਣੀ ਹਮੇਸ਼ਾ ਦੇ ਲਈ ਸਾਡੀ ਦੁਨੀਆਂ ਵਿਚ ਰਹੇਗਾ? ਕੁਝ ਅਜਿਹੇ ਹੀ ਬੁਨਿਆਦੀ ਸਵਾਲਾਂ ਦੇ ਨਾਲ ਸੁਮਿਤ ਛੁੱਟੀਆਂ ਵਿਚ ਆਪਣੇ ਪਿੰਡ ਆਇਆ ਹੈ। ਕੀ ਸੁਮਿਤ ਨੂੰ ਆਪਣੇ ਇਨ੍ਹਾਂ ਪੇਚੀਦਾ ਸਵਾਲਾਂ ਦੇ ਜਵਾਬ ਮਿਲਣਗੇ? ਇਹ ਜਾਣਨ ਦੇ ਲਈ ਚੱਲਾਂਗੇ ਅਸੀਂ ਸੁਮਿਤ ਦੇ ਕੋਲ !)

**ਪਾਤਰ**

**ਇਸਤਰੀ ਸੂਤਰਧਾਰ**

**ਪੁਰਸ਼ ਸੂਤਰਧਾਰ**

**ਸੁਮਿਤ: ਬੀ. ਟੈੱਕ ਦਾ ਵਿਦਿਆਰਥੀ**

**ਕਰਮਜੀਤ: ਦਸਵੀਂ ਦੀ ਵਿਦਿਆਰਥਣ/ਸੁਮਿਤ ਦੀ ਭੈਣ**

**ਦਿਨੇਸ਼: ਕਰਮਜੀਤ/ਸੁਮਿਤ ਦੇ ਪਿਤਾ (45 ਸਾਲ)**

**ਡਾ. ਡਾ. ਇਰਫ਼ਾਨ: ਕਾਲਜ ਦੇ ਪ੍ਰੋਫੈਸਰ (45 ਸਾਲ)**

**ਬੰਸ਼ੀਧਰ: ਰਾਜਸਥਾਨੀ ਪੇਂਡੂ ਬਜ਼ੁਰਗ (65 ਸਾਲ) (ਰਾਜਸਥਾਨੀ ਲਹਿਜੇ ਵਿਚ ਗੱਲ)**

**ਗੋਦਾਵਰੀ: ਉਤਰਾਖੰਡ ਦੀ ਗ੍ਰਾਮੀਨ ਮਹਿਲਾ (45 ਸਾਲ) (ਪਹਾੜੀ ਲਹਿਜੇ ਵਿਚ ਗੱਲ)**

**ਸੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

**ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ......**

**(ਸੰਗੀਤ...)**

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ।ਸਾਡੇ ਵਿਗਿਆਨ ਲੜੀਵਾਰ "**ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ**" ਦੀਆਂ ਉਨੀਂ ਕੜੀਆਂ ਰਾਹੀਂ ਅਸੀਂ ਮੌਜੂਦਾ ਵਿਕਾਸ ਮਾਡਲ ਤੇ ਉਪਭੋਗਤਾਵਾਦ ਜੀਵਣ ਸ਼ੈਲੀ ਕਾਰਨ ਸਾਡੇ ਇਸ ਧਰਤ ਗ੍ਰਹਿ, ਮਨੁਖਤਾ, ਜੈਵਿਕ ਤੇ ਨਿਰਜੀਵ ਸੰਸਾਰ ਨੂੰ ਦਰਪੇਸ਼ ਖਤਰਿਆਂ ਬਾਬਤ ਪੇਸ਼ਕਾਰੀਆਂ ਕਰ ਚੁੱਕੇ ਹਾਂ! ਅੱਜ ਇਸ ਕੜੀ ਵਿੱਚ ਅਸੀਂ ਆਪਣੇ ਸ੍ਰੋਤਿਆਂ ਦੇ ਰੂਬਰੂ ਹੋ ਰਹੇ ਹਾਂ "**ਟਿਕਾਊ ਵਿਕਾਸ**" ਦੇ

ਇੱਕ ਹੋਰ ਗੁੰਝਲਦਾਰ ਪੱਖ ਨੂੰ ਲੈ ਕੇ ਜਿਸ ਵਿੱਚ ਅਸੀਂ ਕਰਾਂਗੇ ਪੇਸ਼ਕਾਰੀ ਜਲ -ਸੁਰੱਖਿਅਣ ਦੀ ਜਰੂਰਤ - ਭਵਿੱਖ ਦੇ ਵਾਸਤੇ ਤੇ ਚਰਚਾ ਹੋਵੇਗੀ ਇਸਦੇ ਹੋਰ ਵੱਖ-ਵੱਖ ਪਹਿਲੂਆਂ ਬਾਬਤ ਵੀ !

**ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "**ਚਲਦੀ ਰਹੇ ਇਹ ਜਿੰਦਗੀ**" ਦੀ ਅੱਜ ਪੇਸ਼ ਕੀਤੀ ਜਾ ਰਹੀ ਇਸ ਵੀਹਵੀਂ ਕੜੀ ਵਿੱਚ ਸ੍ਰੋਤਿਆਂ ਦਾ ਨਿਘਾ ਸੁਆਗਤ ਹੈ ।ਸਾਰਿਆਂ ਨੂੰ ਸ਼ੁੱਭ ਸਵੇਰ !

**ਮਰਦ ਸੂਤਰਧਾਰ:** ਪਿਛਲੀ ਕੜੀ ਵਿੱਚ ਅਸੀਂ ਸੁਣ ਲਿਆ ਹੈ ਕਿ ਪੀਣ ਵਾਲੇ ਪਾਣੀ ਨੂੰ ਸਾਫ ਰੱਖਣ ਦੀ ਸਾਡੇ ਜੀਵਣ ਵਿੱਚ ਕੀ ਮਹੱਤਤਾ ਹੈ !

**ਔਰਤ ਸੂਤਰਧਾਰ:** ਸੁਣ ਚੁੱਕੇ ਹਾਂ ਕਹਾਣੀ ਕਿ ਕਿਵੇਂ ਰੱਖਿਆ ਜਾਵੇ, ਪੀਣਯੋਗ ਪਾਣੀ ਨੂੰ ਸਾਫ, ਮਲੀਨਤਾ ਤੋਂ ਰਹਿਤ !

**ਮਰਦ ਸੂਤਰਧਾਰ:** ਸੁਣਾ ਦਿੱਤੀ ਸੀ ਵਾਰਤਾ ਕਿ ਕਿਵੇਂ ਸਾਨੂੰ ਸ਼ਹਿਰਾਂ ਤੇ ਕਸਬਿਆਂ ਵਿੱਚ ਤਾਂ ਸਰਵਜਨਕ ਪਾਣੀ ਪੂਰਤੀ ਰਾਹੀਂ ਮਿਲ ਜਾਂਦਾ ਹੈ ਪੀਣਯੋਗ ਪਾਣੀ,  ਸਾਡੇ ਘਰਾਂ ਦੀਆਂ ਟੂਟੀਆਂ ਵਿੱਚ ਹੀ !

**ਔਰਤ ਸੂਤਰਧਾਰ:**ਦੱਸਿਆ ਸੀ, ਕਿ ਅਜੇ ਵੀ ਭਾਰਤ ਦੇ ਹਜਾਰਾਂ ਪਿੰਡਾਂ ਨੂੰ ਪੀਣ ਵਾਲਾ ਪਾਣੀ ਉਪਲਬਧ ਨਹੀਂ !

**ਮਰਦ ਸੂਤਰਧਾਰ:** ਇਹ ਵੀ ਤਾਂ ਸੁਣਾਈ ਸੀ ਕਹਾਣੀ ਕਿ ਪਿੰਡਾਂ ਵਿੱਚ ਹੁਣ ਆਰ ਓ ਪ੍ਰਣਾਲੀਆਂ ਰਾਹੀਂ ਦਿੱਤਾ ਜਾ ਰਿਹਾ ਹੈ ਪੀਣ ਦਾ ਪਾਣੀ, ਮੁਕਤਸਰ ਜਿਲ੍ਹੇ ਦੇ ਪਿੰਡਾਂ ਦੇ ਲੋਕ ਸਵੇਰੇ ਸਵੇਰੇ ਜਾਂਦੇ ਨੇ ਆਰ ਓ ਪਲਾਂਟ 'ਤੇ । ਭਰਾ ਕੇ ਲੈ ਆਉਂਦੇ ਨੇ 20 ਲਿਟਰ ਦੀ ਕੇਨੀ ! ਕੇਵਲ ਦਸ ਪੈਸੇ ਲਿਟਰ ਦੇ ਹਿਸਾਬ ਦੋ ਰੁਪਏ ਵਿੱਚ !

**ਔਰਤ ਸੂਤਰਧਾਰ:** ਆਹੋ ਜੀ! ਇਹੀ ਤਾਂ ਹੈ ਇਸ ਕਹਾਣੀ ਦਾ ਰਾਜ ! ਚੰਡੀਗੜ੍ਹ ਵਰਗੇ ਸ਼ਹਿਰਾਂ ਵਿੱਚ ਪਾਣੀ ਪੁਜੇ ਘਰ-ਘਰ, 3-4 ਰੁਪਏ ਵਿੱਚ ਹਜਾਰ ਲਿਟਰ ! ਪਿੰਡਾਂ ਵਿੱਚ  ਆਰ ਓ ਤੇ ਜਾ ਕੇ ਲਿਆਉਣਾ ਪੈਂਦਾ ਹੈ 20 ਲਿਟਰ ਦੋ ਰੁਪਏ ਵਿੱਚ ਯਾਨੀ 100 ਰੁਪਏ ਦਾ 1000 ਲਿਟਰ !

**ਮਰਦ ਸੂਤਰਧਾਰ:** ਸੁਣ ਚੁਕੇ ਹਾਂ ਕਿ ਕਈ ਥਾਵਾਂ ਤੇ ਤਾਂ ਔਰਤਾਂ ਨੂੰ ਪਾਣੀ ਲਿਆਉਣ ਦੇ ਲਈ ਪੈਂਡਾ ਤਹਿ ਕਰਨਾ ਪੈਂਦਾ ਹੈ ਕਈ ਕਈ ਕਿਲੋਮੀਟਰ ! ਸਾਰਾ ਦਿਨ ਹੀ ਬੀਤ ਜਾਂਦਾ ਹੈ ਪਾਣੀ ਦੀ ਢੋ -ਢੁਆਈ ਵਿੱਚ  ।

**ਔਰਤ ਸੂਤਰਧਾਰ:** ਸੁਣਾਈ ਸੀ ਗਾਥਾ ਸਾਡੇ ਪਾਣੀ ਸਹੇਜਣ ਦੇ ਰਵਾਇਤੀ ਤਰੀਕਿਆਂ ਦੀ ਵੱਖ ਵੱਖ ਪ੍ਰਾਤਾਂ ਦੇ ਵਿੱਚ !

**ਮਰਦ ਸੂਤਰਧਾਰ:**ਗੱਲ ਕੀਤੀ ਸੀ ਕਿ ਕਿਵੇਂ ਕੇਰਲਾ ਵਿੱਚ ਇੱਕ ਕੰਪਨੀ ਨੇ ਠੰਢੇ ਪੇ ਪਦਾਰਥ ਬਣਾਉਣ ਵਾਸਤੇ ਕਰ ਦਿੱਤੀ ਕਿੱਲਤ ਪੀਣਯੋਗ ਪਾਣੀ ਦੀ ਤੇ ਕਾਰਖਾਨੇ ਦੇ ਗੰਦ ਮੰਦ ਨਾਲ ਕਰ ਦਿੱਤਾ ਪੂਰੇ ਇਲਾਕੇ ਦਾ ਪਾਣੀ ਮਲੀਨ ਵੀ !

**ਔਰਤ ਸੂਤਰਧਾਰ:** ਸੁਣਾਈ ਸੀ ਕਹਾਣੀ ਲੋਕਾਂ ਦੇ ਏਕੇ ਦੀ ! ਉਠੀ ਸੀ ਵਿਰੋਧ ਦੀ ਆਵਾਜ ! ਕਰ ਦਿੱਤਾ ਫੈਸਲਾ ਅਦਾਲਤ ਨੇ ! ਬੰਦ ਕਰ ਦਿੱਤੀ ਉਹ ਪੇ ਪਦਾਰਥਾਂ ਦੀ ਫੈਕਟਰੀ !

**ਮਰਦ ਸੂਤਰਧਾਰ:** ਸੁਣਾ ਦਿੱਤੀ ਸੀ ਵਾਰਤਾ ਪਾਣੀ ਕਾਰਨ ਚੱਲ ਰਹੇ ਅੰਤਰ-ਰਾਜੀ ਝਗੜਿਆਂ ਦੀ ਤੇ ਪੰਜਾਬ ਤੇ ਹਰਿਆਣਾ ਵਿੱਚਕਾਰ  ਸਤਲੁਜ-ਯਮੁਨਾ ਜੋੜਕ ਨਹਿਰ ਦੇ ਵਾਦ ਵਿਵਾਦ ਦੀ ਵੀ !

**ਔਰਤ ਸੂਤਰਧਾਰ:** ਸੁਣੀ ਸੀ ਤੁਸੀਂ ਜਲ ਸਾਖਰਤਾ ਦੀ ਕਹਾਣੀ ਵੀ ! ਦੱਸਿਆ ਸੀ ਕਿ ਕਿੰਨੀ ਹੈ ਲੋੜ; ਸਿਆਸਤਦਾਨਾਂ, ਪ੍ਰਸ਼ਾਸ਼ਨਿਕ ਅਧਿਕਾਰੀਆਂ, ਮਾਹਰਾਂ ਤੇ ਆਮ ਲੋਕਾਂ ਨੂੰ ਜਲ-ਸਾਖਰ ਕਰਨ ਦੀ !

**ਮਰਦ ਸੂਤਰਧਾਰ:** ਇਹ ਵੀ ਤਾਂ ਕੀਤੀ ਸੀ ਗੱਲ ਕਿ ਇਸ ਮਾਮਲੇ ਵਿੱਚ ਇੱਕਲੇ ਇੱਕਹਿਰੇ ਵਿਅਕਤੀਗਤ ਯਤਨਾਂ ਦੀ ਥਾਂ ਵੱਧ ਸਫਲ ਤੇ ਜਿਆਦਾ ਪ੍ਰਭਾਵਸ਼ਾਲੀ ਨੇ ਸਮੂਹਿਕ ਕੋਸ਼ਿਸ਼ਾਂ ।

**ਔਰਤ ਸੂਤਰਧਾਰ:** ਸੁਣ ਲਿਆ ਸੀ ਕਿ ਕਿਵੇਂ ਥਾਂ ਥਾਂ ਸਮੂਹਿਕ ਕੋਸ਼ਿਸ਼ਾਂ ਸਦਕਾ ਰਵਾਇਤੀ ਪ੍ਰਣਾਲੀਆਂ ਤੇ ਆਧੁਨਿਕ ਤਕਨੀਕਾਂ ਦੇ ਸੁਮੇਲ ਨਾਲ "ਸਹੇਜ ਕੇ ਬਰਸਾਤ ਦਾ ਪਾਣੀ, ਲਿਖ ਦਿੱਤੀ ਹੈ ਸਫਲਤਾ ਦੀ ਕਹਾਣੀ, ਲੋਕਾਂ ਦੀ ਜ਼ਬਾਨੀ"!

**ਮਰਦ ਸੂਤਰਧਾਰ:** ਗੱਲ ਹੋਈ ਸੀ ਕਿ ਅਧਿਓਂ ਵੱਧ ਬਿਮਾਰੀਆਂ ਜਾਂਦੀਆਂ ਨੇ ਰੁੱਕ ਸਾਫ ਪਾਣੀ ਦੇ ਨਾਲ ਹੀ ! ।

**ਔਰਤ ਸੂਤਰਧਾਰ:** ਅੱਜ ਦੀ ਇਸ ਕੜੀ ਵਿੱਚ ਸੁਣਾਵਾਂਗੇ ਬ੍ਰਿਤਾਂਤ ਇਸੇ ਪਾਣੀ ਦੀ ਸੰਭਾਲ ਦਾ ! ਕੱਲ ਦੇ ਲਈ ਪਾਣੀ ਦੇ ਸੁਰੱਖਿਅਣ ਤੇ ਕਰਾਂਗੇ ਗੱਲ ਬਾਤ ਤੇ ਚਰਚਾ ਹੋਵੇਗੀ ਇਸਦੇ ਵੱਖ-ਵੱਖ ਪਹਿਲੂਆਂ 'ਤੇ !

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਸਾਡੇ ਸ੍ਰੋਤਿਆਂ ਕੋਲ ਪੇਸ਼ ਹੈ, ਵਿਗਿਆਨ ਲੜੀਵਾਰ **ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ**" ਦੀ ਵੀਹਵੀਂ ਕੜੀ ,**"ਪਾਣੀ ਦੀ ਸੰਭਾਲ-ਕੱਲ੍ਹ ਵਾਸਤੇ"** ਇਉਂ ਕਰਦੇ ਨੇ ਪੇਸ਼ ਸਾਡੇ ਕਲਾਕਾਰ !

**(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**.................ਕੜੀ ਦਾ ਸੰਗੀਤ ...........**

**ਦ੍ਰਿਸ਼ -ਪਹਿਲਾ**

**(ਖੂਹ ਦਾ ਦ੍ਰਿਸ਼, ਭੈਣ ਭਰਾ ਗੱਲਾਂ ਕਰ ਰਹੇ ਹਨ ਪਾਣੀ ਬਾਬਤ)**

(ਚਿੜੀਆਂ ਦੇ ਚਹਿਕਣ ਦੀ / ਖੂਹ ਵਿਚ ਬਰਤਨ ਡੁਬੋਕੇ ਪਾਣੀ ਕੱਢਣ ਦੀ ਆਵਾਜ਼/ਹੌਲੀ-ਹੌਲੀ ਧੀਮੀ ਪੈਂਦੀ ਹੋਈ)

**ਕਰਮਜੀਤ:** ਵੀਰ, ਤੁਸੀਂ ਤਾਂ ਕਹਿ ਰਹੇ ਸੀ ਕਿ ਪੂਰੀ ਦੁਨੀਆਂ ਵਿਚ ਪਾਣੀ ਦੀ ਬਹੁਤ ਕਿੱਲਤ ਹੋਣ ਲੱਗੀ ਹੈ। ਦੇਖੋ ਨਾ, ਸਾਡੇ ਖੂਹ ਵਿਚ ਤਾਂ ਅੱਜ ਵੀ ਕਿੰਨਾ ਸਾਰਾ ਪਾਣੀ ਹੈ।

(ਲੋਹੇ ਦੀ ਬਾਲਟੀ ਨੂੰ ਜ਼ਮੀਨ ਤੇ ਰੱਖਣ ਦੀ ਆਵਾਜ਼)

**ਸੁਮਿਤ:** (ਹਲਕੀ ਹਾਸੀ ਨਾਲ) ਠੀਕ ਹੈ, ਕਰਮਜੀਤ, ਸਾਡੇ ਪਿੰਡ ਵਿਚ ਭਾਵੇਂ ਅਜੇ ਅਜਿਹੀ ਸਥਿਤੀ ਅਜੇ ਨਹੀਂ ਆਈ, ਪਰ ਹਰ ਥਾਂ ਸਾਡੇ ਪਿੰਡ ਵਰਗੀ ਹਾਲਤ ਨਹੀਂ ।

**ਕਰਮਜੀਤ:** ਅਪਣੇ ਪਿੰਡ ਵਿਚ ਤਾਂ ਨਾ ਪੀਣ ਦੇ ਪਾਣੀ ਦੀ ਮੁਸੀਬਤ ਹੈ ਤੇ ਨਾ ਹੀ ਸਿੰਚਾਈ ਦੇ ਲਈ ਪਾਣੀ ਦੀ ਕਮੀ।

**ਸੁਮਿਤ:** ਉਹ ਤਾਂ ਠੀਕ ਹੈ। ਦੇਖੋ ! ਪਿਤਾ ਜੀ ਐਥੇ ਹੀ ਆ ਰਹੇ ਹਨ।

(ਕਦਮਾਂ ਦੀ ਆਵਾਜ਼ ਨੇੜੇ ਆਉਦੀ ਹੋਈ)

**ਦਿਨੇਸ਼:** ਕੀ ਗੱਲ ਹੈ? ਤੁਸੀਂ ਦੋਵਾਂ ਨੇ ਖੂਹ 'ਤੇ ਹੀ ਐਨਾ ਚਿਰ ਲਾ ਦਿੱਤਾ ? ਚੱਲੋ, ਹੁਣ ਘਰ ਨੂੰ ਚੱਲੋ ਕਿ ਇੱਥੇ ਹੀ ਬੈਠੇ ਗੱਪਾਂ ਮਾਰਦੇ ਰਹੋਗੇ।

(ਪਿਛੋਕੜ ਵਿਚ ਕਦਮਾਂ ਦੀ ਆਵਾਜ਼/ਲਗਾਤਾਰ)

**ਸੁਮਿਤ:** ਨਹੀਂ ਪਿਤਾ ਜੀ ! ਚੱਲ ਰਹੇ ਹਾਂ ! ਬੱਸ ਖੂਹ ਦੇ ਨਿਰਮਲ ਜਲ ਨੂੰ ਵੇਖ ਰਹੇ ਸੀ !

**ਦਿਨੇਸ਼:** ਸੁਮਿਤ, ਹੁਣ ਤਾਂ ਤੂੰ ਦੇਖ ਲਿਆ ਨਾ, ਕਿ ਅਪਣੇ ਖੂਹ ਵਿਚ ਤਾਂ ਅਜੇ ਵੀ ਬਥੇਰਾ ਹੈ ਪਾਣੀ ਹੈ !

**ਸੁਮਿਤ:** ਹਾਂ ਪਿਤਾ ਜੀ, ਇਥੇ ਤਾਂ ਅਜੇ ਕੋਈ ਦਿੱਕਤ ਨਹੀਂ ਪਰ ਸਾਡੇ ਕਾਲਜ ਦੇ ਹੋਸਟਲ ਵਿਚ ਤਾਂ ਪਾਣੀ ਦੀ ਬਹੁਤ ਮਾਰਾਮਾਰੀ ਰਹਿੰਦੀ ਹੈ। ਗਰਮੀਆਂ ਵਿਚ ਤਾਂ ਹਾਲਤ ਬਹੁਤ ਹੀ ਖਰਾਬ ਹੋ ਜਾਂਦੀ ਹੈ।

**ਕਰਮਜੀਤ:** ਪਰ ਤੁਹਾਡੇ ਕਾਲਜ ਦੇ ਕੋਲ ਦੀ ਤਾਂ ਇਕ ਨਦੀ ਵੀ ਲੰਘਦੀ ਹੈ। ਫਿਰ ਭਲਾ ਪਾਣੀ ਦੀ ਮਾਰਾਮਾਰੀ ਕਿਉਂ?

**ਸੁਮਿਤ:** ਕਰਮਜੀਤ! ਤੂੰ ਇਕ ਵਾਰ ਉਸ ਨਦੀ ਨੂੰ ਅੱਖੀਂ ਵੇਖ ਤਾਂ ਸਹੀ ! ਉਹ ਨਦੀ ? ਉਸਦਾ ਪਾਣੀ ? ਉਸਦਾ ਪਾਣੀ ਪੀਣ ਦੇ ਲਈ ਤਾਂ ਦੂਰ, ਨਹਾਉਣ ਦੇ ਕੰਮ ਵੀ ਨਹੀਂ ਆ ਸਕਦਾ।

**ਕਰਮਜੀਤ:** ਮਤਲਬ?

**ਸੁਮਿਤ:** ਮਤਲਬ ਇਹ ਕਿ ਉਹ ਬਹੁਤ ਗੰਦਾ ਹੈ। ਰੰਗ ਅਜਿਹਾ ਜਿਵੇਂ ਚਿੱਕੜ ਵਹਿ ਰਿਹਾ ਹੋਵੇ।

**ਕਰਮਜੀਤ:** ਪਰ ਕਿਉਂ ਹੈ ਅਜਿਹਾ ਚਿੱਕੜ ? ਉਹ ਵੀ ਨਦੀ ਵਿੱਚ ?

**ਸੁਮਿਤ:** ਅਜਿਹਾ ਕਿਉਂ ? ਲੈ ਸੁਣ ! ਉਹ ਨਦੀ ਲੰਘਦੀ ਹੈ ਕਈ ਕਸਬਿਆਂ ਤੇ ਸ਼ਹਿਰਾਂ ਦੇ ਵਿੱਚੋਂ ਦੀ ਹੋ ਕੇ । ਸ਼ਹਿਰਾਂ ਦੀ ਗੰਦਗੀ, ਕਾਰਖਨਿਆਂ ਦਾ ਕਚਰਾ, ਸਾਰਾ ਕੁਝ ਉਸ ਵਿਚ ਹੀ ਪੈਂਦਾ ਰਹਿੰਦਾ ਹੈ। ਹੁਣ ਤੂੰ ਹੀ ਦੱਸ, ਅਜਿਹੇ ਪਾਣੀ ਨੂੰ ਕੋਈ ਭਲਾ ਕਿਵੇਂ ਪੀ ਸਕਦਾ ਹੈ?

**ਕਰਮਜੀਤ:** ਹਾਂ ! ਪੀ ਤਾਂ ਨਹੀਂ ਸਕਦੇ ਉਹ ਪਾਣੀ, ਪਰ ਅਜਿਹੇ ਸ਼ਹਿਰਾਂ ਵਿਚ ਪੀਣ ਦਾ ਪਾਣੀ ਕਿੱਥੋਂ ਆਉਂਦਾ ਹੈ?

**ਸੁਮਿਤ:** ਅਲੱਗ-ਅਲੱਗ ਜਗ੍ਹਾ ਤੇ ਅਲੱਗ ਤਰ੍ਹਾਂ ਦੇ ਇੰਤਜ਼ਾਮ ਹਨ ! (ਮੋਬਾਇਲ ਫੋਨ ਦੀ ਘੰਟੀ ਵੱਜਣ ਦੀ ਆਵਾਜ਼)।

**ਦਿਨੇਸ਼:** ਹੈਲੋ......ਨਮਸਤੇ ਡਾ. ਸਾਹਿਬ। ਜੀ...ਹਾਂ...ਜੀ...। ਜ਼ਰੂਰ ਆਇਓ। ਨਹੀਂ... ਨਹੀਂ... ਅਸੀਂ ਸਾਰੇ ਘਰ ਵਿਚ ਹੀ ਮਿਲਾਂਗੇ। ਠੀਕ ਹੈ - ਠੀਕ ਹੈ। ਮਿਲਦੇ ਆਂ ਫੇਰ ਸ਼ਾਮ ਨੂੰ। ਜ਼ਰੂਰ...... ਅੱਛਾ...... ਨਮਸਤੇ।

**ਕਰਮਜੀਤ:** ਕਿਸਦਾ ਫੋਨ ਸੀ ਪਾਪਾ ?

**ਦਿਨੇਸ਼:** ਉਹ ਡਾ. ਇਰਫਾਨ ਨੇ ਨਾ ! ਇੱਥੇ ਕਾਲਜ ਵਿਚ ਪ੍ਰੋਫ਼ੈਸਰ ਹਨ।

**ਸੁਮਿਤ:** ਅੱਛਾ ! ਉਹ ਤੁਹਾਡੇ ਦੋਸਤ ?

**ਦਿਨੇਸ਼:** ਹਾਂ! ਕਹਿ ਰਹੇ ਸੀ ਕਿ ਕਈ ਦਿਨਾਂ ਤੋਂ ਮੁਲਾਕਾਤ ਨਹੀਂ ਹੋਈ! ਅੱਜ ਸ਼ਾਮ ਨੂੰ ਇੱਥੇ ਆਉਣਗੇ, ਸੈਰ ਦੇ ਲਈ।

**ਸੁਮਿਤ:** ਵਾਹ ! ਤਾਂ ਤੇ ਕਰਮਜੀਤ ਦੇ ਸਵਾਲਾਂ ਦੇ ਜਵਾਬ ਵੀ ਉਨ੍ਹਾਂ ਤੋਂ ਮਿਲ ਜਾਣਗੇ ।

**ਦਿਨੇਸ਼:** ਠੀਕ ਹੈ... ਜਲਦੀ ਚਲੀਏ ! ਦੁਪਹਿਰ ਦਾ ਖਾਣਾ ਵੀ ਬਣਾਉਣਾ ਹੈ...।

**ਕਰਮਜੀਤ:** ਪਾਪਾ ਜੀ, ਅੱਜ ਤੁਹਾਨੂੰ ਪਤਾ ਚੱਲੇਗਾ ਕਿ ਮੰਮੀ ਘਰ ਵਿਚ ਕਿੰਨਾ ਕੰਮ ਕਰਦੀ ਹੈ !

**ਦਿਨੇਸ਼:** ਮੈਂ ਕਿਹੜਾ ਦਿਨ ਭਰ ਦਫਤਰ ਵਿਚ ਵਿਹਲਾ ਬੈਠਦਾ ਹਾਂ ?

**ਕਰਮਜੀਤ:**(ਹੱਸਦੇ ਹੋਏ) ਨਹੀਂ... ਨਹੀਂ... ਮੇਰਾ ਮਤਲਬ ਹੈ ਕਿ ਅੱਜ ਤੁਹਾਨੂੰ ਰਸੋਈ ਵਿਚ ਵੀ ਆਪਣਾ ਹੁਨਰ ਦਿਖਾਉਣ ਦਾ ਮੌਕਾ ਮਿਲ ਜਾਏਗਾ।

(ਤਿੰਨਾਂ ਦੀ ਹਾਸੀ/ ਕਦਮਾਂ ਦੀ ਆਵਾਜ਼ ਹੌਲੀ-ਹੌਲੀ ਧੀਮੀ ਪੈਂਦੀ ਹੋਈ)

.........**ਦ੍ਰਿਸ਼ ਬਦਲਾਅ ਸੰਗੀਤ**......

**ਦ੍ਰਿਸ਼-2**

(ਘਰ ਦਾ ਦ੍ਰਿਸ਼ ਸਾਰੇ ਘਰ ਪਹੁੰਚ ਕੇ ਬੈਠੇ ਗੱਲਾਂ ਕਰ ਰਹੇ ਹਨ, ਟੀ.ਵੀ. 'ਤੇ ਕ੍ਰਿਕਟ ਮੈਚ ਚੱਲ ਰਿਹਾ ਹੈ/ ਮੈਚ ਦਾ ਸ਼ੋਰ ਸੁਣਾਈ ਦਿੰਦਾ ਹੈ/ ਦਰਵਾਜ਼ੇ ਦੀ ਘੰਟੀ ਵੱਜਣ ਦੀ ਆਵਾਜ਼)

**ਦਿਨੇਸ਼:** ਟੀ.ਵੀ. ਦੀ ਆਵਾਜ਼ ਘੱਟ ਕਰੋ। ਸ਼ਾਇਦ ਬਾਹਰ ਕੋਈ ਆਇਆ ਹੈ, ਵੇਖੋ ਬਾਹਰ !

**ਕਰਮਜੀਤ:** ਪਾਪਾ ਜੀ, ਤੁਹਾਡੇ ਦੋਸਤ ਹਨ ਸ਼ਾਇਦ। ਪ੍ਰੋਫ਼ੈਸਰਡਾ.ਡਾ. ਡਾ. ਇਰਫ਼ਾਨ।

(ਦਰਵਾਜ਼ਾ ਖੁੱਲ੍ਹਣ ਦੀ ਆਵਾਜ਼)

**ਸੁਮਿਤ ਤੇ ਕਰਮਜੀਤ:** ਨਮਸਤੇ ਅੰਕਲ ! ਆਓ......ਆਓ।

**ਡਾ. ਇਰਫ਼ਾਨ:** ਨਮਸਤੇ ਬੱਚਿਓ... ਕਿਵੇਂ ਹੋ...?

**ਦਿਨੇਸ਼:** ਆਓ ਡਾ. ਸਾਹਿਬ......ਆਓ। ਬੈਠੋ।

**ਡਾ. ਇਰਫ਼ਾਨ:** ਛੁੱਟੀ ਵੇਲੇ ਟੀ ਵੀ ਦਾ ਆਨੰਦ ਲਿਆ ਜਾ ਰਿਹਾ ਹੈ ?

**ਦਿਨੇਸ਼:** ਬਸ, ਐਂਵੇ ਹੀ ! ਜਰਾ ਕੁ ਤਾਜਾ ਖਬਰਾਂ ਸੁਣ ਰਹੇ ਸੀ !

(ਟੀ.ਵੀ. ਦੀ ਆਵਾਜ਼ ਹੌਲੀ-ਹੌਲੀ ਬੰਦ ਹੋ ਜਾਂਦੀ ਹੈ)

**ਡਾ.ਇਰਫ਼ਾਨ:**ਕਈ ਦਿਨਾਂ ਤੋਂ ਆਪਣੀ ਮੁਲਾਕਾਤ ਨਹੀਂ ਹੋਈ । ਸੋਚਿਆ ਥੋੜ੍ਹੀ ਸੈਰ ਵੀ ਹੋ ਜਾਏਗੀ ਤੇ ਮੁਲਾਕਾਤ ਵੀ।

**ਦਿਨੇਸ਼:** ਮੈਨੂੰ ਵੀ ਆਫ਼ਿਸ ਦੇ ਕੰਮਾਂ ਤੋਂ ਵਿਹਲ ਨਹੀਂ ਸੀ ਮਿਲ ਰਹੀ। ਬੱਚੇ ਵੀ ਤੁਹਾਡਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸੀ।

**ਡਾ. ਇਰਫ਼ਾਨ:** ਮੇਰਾ ਇੰਤਜ਼ਾਰ? ਓਹ ਕਿਉਂ?

**ਦਿਨੇਸ਼:** ਤੁਹਾਨੂੰ ਪਤਾ ਤਾਂ ਹੈ ਕਿ ਸੁਮਿਤ ਬੀ. ਟੈੱਕ ਕਰ ਰਿਹਾ ਹੈ।

**ਡਾ. ਇਰਫ਼ਾਨ:** ਹਾਂ......ਹਾਂ।

**ਦਿਨੇਸ਼:** ਉਹ ਛੁੱਟੀਆਂ ਵਿੱਚ ਘਰ ਆਇਆ ਹੈ। ਅੱਜ ਸਵੇਰੇ ਸੁਮਿਤ ਤੇ ਕਰਮਜੀਤ ਪਾਣੀ ਦੇ ਬਾਰੇ ਗੱਲਬਾਤ ਕਰ ਰਹੇ ਸਨ। ਮੈਂ ਕਿਹਾ ਬਿਹਤਰ ਹੋਵੇਗਾ ਕਿ ਤੁਸੀਂ ਆਪਣੇ ਸਵਾਲਾਂ ਨੂੰ ਡਾ. ਇਰਫ਼ਾਨ ਦੇ ਸਾਹਮਣੇ ਰੱਖੋਂ !

**ਡਾ. ਇਰਫ਼ਾਨ:**(ਹੱਸੀ ਨਾਲ) ਅੱਛਾ! ਬੱਚੇ ਹੁਣ ਤੋਂ ਹੀ ਪਾਣੀ ਵਰਗੇ ਮਹੱਤਵਪੂਰਨ ਮਾਮਲੇ ਵਿੱਚ ਦਿਲਚਸਪੀ ਲੈ ਰਹੇ ਨੇ!

**ਕਰਮਜੀਤ:** ਅੰਕਲ ! ਪਾਣੀ ਦੀ ਐਨੀ ਮਹੱਤਤਾ ਕਿਉਂ ਹੈ ?

**ਡਾ. ਇਰਫ਼ਾਨ:** ਬੇਟੀ, ਅੱਜ ਵੀ ਦੁਨੀਆਂ ਭਰ ਵਿਚ ਸਾਫ਼ ਪਾਣੀ ਨਾ ਮਿਲਣ ਕਰਕੇ, ਗੰਦੇ ਪਾਣੀ ਰਾਹੀਂ ਹੋਣ ਵਾਲੀਆਂ ਬਿਮਾਰੀਆਂ ਨਾਲ ਲੱਖਾਂ ਬੱਚੇ ਮੌਤ ਦੇ ਮੂੰਹ ਜਾ ਪੈਂਦੇ ਹਨ।

**ਕਰਮਜੀਤ:**(ਉਦਾਸ ਸੁਰ ਵਿਚ) ਹੈਂ !

**ਡਾ. ਇਰਫ਼ਾਨ:** ਹਾਂ ! ਹਾਲਾਤ ਵਿਗੜਦੇ ਹੀ ਜਾ ਰਹੇ ਹਨ। ਅੰਦਾਜ਼ਾ ਹੈ ਕਿ 2050 ਤੱਕ ਦੁਨੀਆਂ ਦੀ ਇਕ ਚੌਥਾਈ ਆਬਾਦੀ ਪਾਣੀ ਦੇ ਭਿਆਨਕ ਸੰਕਟ ਨਾਲ ਜੂਝ ਰਹੀ ਹੋਵੇਗੀ। ਸਾਡੇ ਦੇਸ਼ ਵਿਚ ਤਾਂ ਕਰੋੜਾਂ ਲੋਕ ਸੋਕਾ ਪ੍ਰਭਾਵਤ ਇਲਾਕਿਆਂ ਵਿਚ ਰਹਿੰਦੇ ਹਨ ।

**ਕਰਮਜੀਤ:** ਅੰਕਲ, ਵੀਰ ਜੀ ਦੱਸ ਰਹੇ ਸਨ ਕਿ ਉਨ੍ਹਾਂ ਦੇ ਕਾਲਜ ਦੇ ਕੋਲ ਦੀ ਲੰਘਦੀ ਨਦੀ ਦਾ ਪਾਣੀ ਪੀਣ ਦੇ

ਲਾਇਕ ਨਹੀਂ। ਉੱਥੇ ਲੋਕ ਆਪਣੇ ਲਈ ਪਾਣੀ ਦਾ ਇੰਤਜ਼ਾਮ ਭਲਾ ਕਿਵੇਂ ਕਰਦੇ ਹੋਣਗੇ ?

**ਡਾ.ਇਰਫ਼ਾਨ:** ਪੂਰੇ ਜਵਾਬ ਲਈ ਤਾਂ ਸਾਨੂੰ ਇਹ ਸਮਝਣਾ ਪਵੇਗਾ ਕਿ ਦੁਨੀਆਂ ਵਿਚ ਸਾਨੂੰ ਪਾਣੀ ਮਿਲਣ ਦੇ ਸ੍ਰੋਤ ਕੀ-ਕੀ ਹਨ ?

**ਕਰਮਜੀਤ:** ਅੰਕਲ ! ਸਾਰੇ ਹੀ ਜਾਣਦੇ ਨੇ ਕਿ ਪਾਣੀ ਦਾ ਸਭ ਤੋਂ ਵੱਡਾ ਭੰਡਾਰ ਤਾਂ ਸਮੁੰਦਰ ਹੀ ਹੈ ?

**ਡਾ.ਇਰਫ਼ਾਨ:** ਹਾਂ ! ਸਮੁੰਦਰ ਪਾਣੀ ਦਾ ਸਭ ਤੋਂ ਵੱਡਾ ਭੰਡਾਰ ਤਾਂ ਹੈ, ਪਰ ਤੂੰ ਹੀ ਦੱਸ ਕਿ ਕੀ ਰੋਜ਼ਾਨਾ ਜ਼ਿੰਦਗੀ ਵਿੱਚ ਅਸੀਂ ਸਮੁੰਦਰੀ ਪਾਣੀ ਦੀ ਵਰਤੋਂ ਕਰ ਸਕਦੇ ਹਾਂ ?

**ਕਰਮਜੀਤ:** ਨਹੀਂ ਅੰਕਲ ! ਉਹ ਤਾਂ ਬਹੁਤ ਖਾਰਾ ਹੁੰਦਾ ਹੈ !

**ਡਾ.ਇਰਫ਼ਾਨ:** ਪੇ-ਜਲ ਸ੍ਰੋਤ ਦੋ ਪ੍ਰਕਾਰ ਦੇ ਨੇ; ਇਕ ਧਰਤੀ ਦੀ ਸਤ੍ਹਾ ‘ਤੇ ਵਹਿਣ ਵਾਲੇ ਤੇ ਦੂਸਰੇ ਧਰਤੀ ਹੇਠਲੇ!

**ਸੁਮਿਤ:** ਅੰਕਲ, ਮੀਂਹ ਵੀ ਤਾਂ ਪਾਣੀ ਦਾ ਇਕ ਵੱਡਾ ਸ੍ਰੋਤ ਹੈ ਨਾ?

**ਡਾ.ਇਰਫ਼ਾਨ:** ਹਾਂ!ਮੀਂਹ ਧਰਤੀ ਦੇ ਦੂਸਰੇ ਜੀਵਾਂ ਨੂੰ ਵੀ ਜੀਵਨ ਦਿੰਦਾ ਹੈ ਤੇ ਭੂਮੀਗਤ ਜਲ-ਸ੍ਰੋਤਾਂ ਨੂੰ ਵੀ ਬਣਾਈ ਰੱਖਦਾ ਹੈ।ਭਾਰਤ ਵਿੱਚ ਸਾਲਾਨਾ ਔਸਤਨ ਸੌ ਸੈਂਟੀਮੀਟਰ ਮੀਂਹ ਵਾਲੇ ਇਲਾਕਿਆਂ ਵਿਚ ਜਲ-ਸ੍ਰੋਤ ਜਿਆਦਾ ਹਨ ।

**ਸੁਮਿਤ:** ਅੰਕਲ ਜਲ-ਸ੍ਰੋਤ ਤਾਂ ਉਹੀ ਹੋਏ ਜਿਨ੍ਹਾਂ ਦਾ ਪਾਣੀ ਜਾਂ ਤਾਂ ਸਾਨੂੰ ਬਾਹਰ ਵਹਿੰਦਾ ਹੋਇਆ ਨਜ਼ਰ ਆਉਦਾ ਹੈ...... ਜਾਂ ਜਿਨ੍ਹਾਂ ਵਿਚੋਂ ਧਰਤੀ ਦੇ ਅੰਦਰੋਂ ਪਾਣੀ ਨਿਕਲਦਾ ਹੈ।

**ਡਾ. ਇਰਫ਼ਾਨ:**ਹਾਂ ਠੀਕ! ਬਿਲਕੁਲ ਠੀਕ!! ਕਰੀਬ 70% ਲੋਕਾਂ ਦੀ ਪਾਣੀ ਦੀ ਲੋੜ ਜਮੀਨ ਹੇਠਲੇ ਪਾਣੀ ਨਾਲ ਪੂਰੀ ਹੁੰਦੀ ਹੈ।ਹੋਰ ਸ੍ਰੋਤ ਨੇ ਹਿਮਾਲਿਆ ਦੇ ਗਲੇਸ਼ੀਅਰ, ਸਦਾ ਬਹਾਰ ਨਦੀਆਂ ਤੇ ਮੌਸਮੀ ਨਦੀਆਂ, ਛੋਟੀਆਂ-ਛੋਟੀਆਂ ਪਰਬਤੀ ਜਲ ਧਾਰਾਵਾਂ, ਵੱਡੀਆਂ ਝੀਲਾਂ, ਤਾਲਾਬ, ਜੌਹੜ, **ਬਾਵੜੀਆਂ**, ਖ਼ੂਹ ਤੇ **ਟਿਊਬਵੈੱਲ**।

**ਕਰਮਜੀਤ:** ਫਿਰ ਤਾਂ ਸਾਡੇ ਕੋਲ ਕਾਫੀ ਸਾਰਾ ਪਾਣੀ ਹੋਇਆ ਨਾ?

**ਡਾ. ਇਰਫ਼ਾਨ:** ਨਹੀਂ ਕਰਮਜੀਤ ! ਸੰਸਾਰ ਦੀ 16% ਵਸੋਂ ਸਾਡੇ ਦੇਸ਼ ਵਿਚ ਹੈ ਪਰ ਸਾਡੇ ਕੋਲ ਦੁਨੀਆਂ ਦੇ ਜਲ ਸੰਸਧਾਨਾਂ ਦਾ ਕੇਵਲ 4% ਹੀ ਹੈ।ਪਰ ਵਰਤ ਰਹੇ ਹਾਂ ਅਸੀਂ ਪਾਣੀ ਨੂੰ ਬੇਤਹਾਸ਼ਾ! ਇਸ ਕਰਕੇ ਆਉਣ ਵਾਲੇ ਸਮੇਂ ਵਿੱਚ ਸਾਨੂੰ ਪਾਣੀ ਦੇ ਲਈ ਤਰਸਣਾ ਪਵੇਗਾ।

**ਦਿਨੇਸ਼:** ਆਬਾਦੀ ਦੇ ਦਬਾਅ ਦਾ ਪ੍ਰਭਾਵ ਸਾਡੇ ਜਲ ਸ੍ਰੋਤਾਂ ‘ਤੇ ਸਾਫ਼ ਦਿਸਦਾ ਹੈ।ਨਦੀਆਂ ਦਾ ਪਰਬਤੀ ਖੇਤਰਾਂ ਵਿੱਚਲਾ ਸਾਫ ਸੁਥਰਾ ਪਾਣੀ ਮੈਦਾਨੀ ਇਲਾਕਿਆਂ ਵਿਚ ਆਉਂਦੇ ਸਾਰ ਹੀ ਖਰਾਬ !

**ਕਰਮਜੀਤ:** ਅੰਕਲ ! ਕੀ ਹੈ ਕਾਰਨ ਇਸ ਦਾ ?

**ਡਾ. ਇਰਫ਼ਾਨ:** ਮੈਦਾਨੀ ਇਲਾਕਿਆਂ ਵਿਚ ਘਰੇਲੂ ਗੰਦਗੀ ਤੇ ਉਦਯੋਗਾਂ ਦਾ ਕਚਰਾ ਨਦੀਆਂ ਵਿਚ ਸੁੱਟ ਦਿੱਤਾ ਜਾਂਦਾ ਹੈ ਜਿਸ ਕਰਕੇ ਹੋ ਜਾਂਦੀਆਂ ਨੇ ਉਹ ਮਲੀਨ !

**ਸੁਮਿਤ:** ਇਹੀ ਤਾਂ ਵੱਡੀ ਚਿੰਤਾ ਦੀ ਗੱਲ ਹੈ!

**ਡਾ. ਇਰਫ਼ਾਨ:** ਹਾਂ ! ਇਸੇ ਤਰ੍ਹਾਂ ਦੇ ਕੁਦਰਤ ਵਿਰੋਧੀ ਬੇਲ਼ਗਾਮ ਵਿਕਾਸ ਦੀ ਦੌੜ ਵਿਚ ਅਸੀਂ ਭੁੱਲਦੇ ਜਾ ਰਹੇ ਹਾਂ ਕਿ ਕੁਦਰਤ ਨੂੰ ਮੁੜ ਭਰਾਈ ਦੇ ਵਕਤ ਦੀ ਵੀ ਲੋੜ ਹੁੰਦੀ ਹੈ !

**ਦਿਨੇਸ਼:** ਪਰ ਕੁਦਰਤੀ ਸ੍ਰੋਤਾਂ ਦੀ ਵਰਤੋਂ ਦੀ ਕੋਈ ਸੀਮਾ ਵੀ ਤਾਂ ਹੋਵੇਗੀ।

**ਡਾ. ਇਰਫ਼ਾਨ:** ਸੀਮਾ ਤਾਂ ਬੱਸ ਇਹੀ ਹੈ ਕਿ ਜਿੰਨੀ ਮੁੜ ਭਰਾਈ ਉਨਾ ਹੀ ਵਰਤੋ ! ਪਾਣੀ ਦੀ ਘਟਦੀ ਉਪਲਬਧਤਾ ਤੇ ਵਧਦੀ ਮੰਗ ਦੇ ਕਾਰਨ ਜਲ ਸ੍ਰੋਤਾਂ 'ਤੇ ਪੈ ਗਿਆ ਹੈ ਦਬਾਅ ।

**ਸੁਮਿਤ:** ਹਾਂ ! ਜਲ ਸ੍ਰੋਤਾਂ ਨੂੰ ਪ੍ਰਦੂਸ਼ਣ ਤੋਂ ਬਚਾ ਕੇ, ਮੀਂਹ ਦੇ ਪਾਣੀ ਨੂੰ ਇਕੱਠਾ ਕਰਕੇ, ਬੇਕਾਰ ਪਾਣੀ ਨੂੰ ਫਿਰ ਤੋਂ ਉਪਯੋਗੀ ਬਣਾਕੇ, ਪਾਣੀ ਦੇ ਸੰਕਟ ਨੂੰ ਕਾਫ਼ੀ ਹੱਦ ਤੱਕ ਘੱਟਾਇਆ ਜਾ ਸਕਦਾ ਹੈ ।

**ਕਰਮਜੀਤ :** ਰੋਪੜ ਦੀ ਝੀਲ 'ਤੇ ਅਤੇ ਹਰੀ ਕੇ ਪੱਤਣ 'ਤੇ ਸ਼ਾਂਤ ਠਹਿਰਿਆ ਪਾਣੀ ਵੀ ਤਾਂ ਕੁਦਰਤੀ ਸੂਰਜ ਦੀਆਂ ਕਿਰਨਾ ਤੇ ਹੋਰ ਪ੍ਰਕਿਰਿਆਵਾਂ ਰਾਹੀਂ ਹੁੰਦਾ ਰਹਿੰਦਾ ਹੈ ਸਾਫ !

**ਡਾ. ਇਰਫ਼ਾਨ:** ਹਾਂ ਟਿਕਿਆ ਰਹੇ ਤਾਂ ਹੀ ਹੋਵੇਗਾ ਸਾਫ ! ਕੀ ਰਹਿਣ ਦਿੱਤਾ ਹੈ ਇਸ ਨੂੰ ਟਿਕਿਆ ?

**ਦਿਨੇਸ਼:** ਭੂਗੋਲਿਕ ਪੱਖੋਂ ਸਾਡਾ ਦੇਸ ਕਾਫ਼ੀ ਵੰਨ ਸੁਵੰਨਤਾ ਵਾਲਾ ਹੈ । ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਪ੍ਰਕਾਰ ਦੇ ਜਲ-ਸ੍ਰੋਤ ਹਨ।ਜਲ ਸ੍ਰੋਤਾਂ ਦੀ ਵਰਤੋਂ ਦਾ ਮੈਦਾਨੀ ਇਲਾਕਿਆਂ ਦਾ ਤਰੀਕਾ ਪਹਾੜੀ ਇਲਾਕਿਆਂ ਤੋਂ ਹੈ ਵੱਖ ! ਰਾਜਸਥਾਨ ਦੇ ਪੱਛਮੀ ਖੇਤਰ ਵਿਚ ਤਾਂ ਹੋਰ ਵੀ ਜ਼ਿਆਦਾ ਅੰਤਰ ਨਜ਼ਰ ਆਉਂਦਾ ਹੈ।

**ਡਾ.ਇਰਫ਼ਾਨ:** ਰਾਜਸਥਾਨ ਤੋਂ ਯਾਦ ਆਇਆ।ਤੁਸੀਂ ਸਾਰੇ ਕੱਲ੍ਹ ਨੂੰ ਸਾਡੇ ਕਾਲਜ ਵਿਚ ਜਲ ਮਹਾਂਉਤਸਵ ਦੇਖਣ ਆਓ।

**ਸੁਮਿਤ:** ਜਲ ਮਹਾਂਉਤਸਵ?

**ਡਾ. ਇਰਫ਼ਾਨ:** ਹਾਂ ਸੁਮਿਤ। ਕਾਲਜ ਵਿਚ ਤਿੰਨ ਰੋਜਾ ਜਲ ਮਹਾਂਉਤਸਵ ਚੱਲ ਰਿਹਾ ਹੈ। ਦੇਸ਼ ਦੇ ਕਈ ਹਿੱਸਿਆਂ ਤੋਂ ਲੋਕ ਆਪਣੇ ਸਟਾਲ ਲੈ ਕੇ ਆਏ ਹਨ। ਉਹ ਆਪਣੇ ਇਲਾਕਿਆਂ ਵਿੱਚ ਵਰਤੀਆਂ ਜਾਂਦੀਆਂ ਰਵਾਇਤੀ ਜਲ ਸੁਰੱਖਿਅਣ ਵਿਧੀਆਂ ਦੀ ਜਾਣਕਾਰੀ ਲੋਕਾਂ ਤੱਕ ਪਹੁੰਚਾ ਰਹੇ ਹਨ।

**ਸੁਮਿਤ:** ਵਾਹ ! ਤਾਂਤੇ ਅਸੀਂ ਦੋਵੇਂ ਜਲ ਮਹਾਂਉਤਸਵ 'ਤੇ ਜ਼ਰੂਰ ਜਾਵਾਂਗੇ।

**ਦਿਨੇਸ਼:** ਛੁੱਟੀ ਬਾਅਦ ਮੈਂ ਵੀ ਉੱਥੇ ਪਹੁੰਚ ਜਾਵਾਂਗਾ !

**ਡਾ. ਇਰਫ਼ਾਨ:**ਠੀਕ ਹੈ! ਫ਼ੁਰਸਤ ਮਿਲੀ ਤਾਂ ਮੈਂ ਵੀ ਆਵਾਂਗਾ! ਅੱਛਾ ! ਹੁਣ ਮੈਂ ਚੱਲਦਾ ਹਾਂ।

**ਦਿਨੇਸ਼:** ਠੀਕ ਹੈ...ਨਮਸਤੇ ! ਕੱਲ੍ਹ ਮਿਲਾਂਗੇ !

**ਸੁਮਿਤ ਅਤੇ ਕਰਮਜੀਤ:** ਬਾਏ ਅੰਕਲ...

ਡਾ. ਇਰਫ਼ਾਨ: ਬਾਏ !

.........**ਦ੍ਰਿਸ਼ ਬਦਲਾਅ ਸੰਗੀਤ**......

**ਦ੍ਰਿਸ਼**-3

(ਜਲ ਮਹਾਂਉਤਸਵ ਵਿਚ ਭੀੜਭਾੜ/ ਕਈ ਦੁਕਾਨਾਂ ਲੱਗੀਆਂ ਹੋਈਆਂ ਹਨ/ ਮਿਲੀਆਂ ਜੁਲੀਆਂ ਆਵਾਜ਼ਾਂ ਆ ਰਹੀਆਂ ਹਨ/ ਕਰਮਜੀਤ ਅਤੇ ਸੁਮਿਤ ਚੱਲਦੇ ਹੋਏ ਗੱਲਬਾਤ ਕਰ ਰਹੇ ਹਨ)

**ਕਰਮਜੀਤ:** ਵਾਹ... ਇਹ ਤਾਂ ਬਹੁਤ ਵਧੀਆ ਉਤਸਵ ਐ !

**ਸੁਮਿਤ:** ਹਾਂ ! ਕਿੰਨੀਆਂ ਸਾਰੀਆਂ ਦੁਕਾਨਾਂ ਲੱਗੀਆਂ ਹੋਈਆਂ ਹਨ। ਓ ਦੇਖ ! ਉੱਧਰ...... ਛੋਟੀ ਜਿਹੀ ਨਦੀ ਦਾ

ਕਿੰਨਾ ਖ਼ੂਬਸੂਰਤ ਮਾਡਲ ਬਣਾਇਆ ਹੋਇਆ ਹੈ।

**ਕਰਮਜੀਤ:**ਹਾਂ, ਉਧਰ ਖੂਹ ਤੇ ਪਾਣੀ ਭਰਦੀ ਹੋਈ ਔਰਤ, ਹੈ ਤਾਂ ਬਨਾਉਟੀ, ਪਰ ਲੱਗਦਾ ਹੈ, ਜਿਵੇਂ ਹੁਣੇ ਬੋਲ ਉੱਠੇਗੀ।

**ਸੁਮਿਤ:** ਹਾਂ ! ਉਹ ਸਾਹਮਣੇ...... ਰਾਜਸਥਾਨ ਦੀ ਸਟਾਲ ਹੈ । ਉੱਥੇ ਚੱਲਦੇ ਹਾਂ।

(ਚੱਲਣ ਦੀ ਆਵਾਜ਼/ ਰਾਜਸਥਾਨੀ ਲੋਕਧੁਨ...... ਹੌਲੀ-ਹੌਲੀ ਨੇੜੇ ਆਉਂਦੀ ਹੋਈ)

**ਕਰਮਜੀਤ::** ਵਾਹ...... ਇੱਥੇ ਤਾਂ ਰਾਜਸਥਾਨ ਦੇ ਰਵਾਇਤੀ ਜਲ ਸ੍ਰੋਤਾਂ ਦੇ ਕਿੰਨੇ ਸੋਹਣੇ ਮਾਡਲ ਰੱਖੇ ਹੋਏ ਨੇ !

**ਸੁਮਿਤ:** ਔਹ ਵੱਡੀ ਪੱਗੜ੍ਹੀ ਬੰਨ੍ਹੀ ਬਜ਼ੁਰਗ ਬੈਠੇ ਹਨ। ਉਨ੍ਹਾਂ ਨਾਲ ਕਰਦੇ ਹਾਂ ਗੱਲ ।

**ਕਰਮਜੀਤ ਤੇ ਸੁਮਿਤ:** ਨਮਸਤੇ ਬਾਬਾ, ਕਿਵੇਂ ਹੋ ਤੁਸੀਂ ?

ਬੰਸ਼ੀਧਰ: ਮੈਂ ਠੀਕ ਹੂੰ ਬੱਚਿਓ।

**ਸੁਮਿਤ:** ਬਾਬਾ, ਮੈ ਸੁਮਿਤ ਤੇ ਇਹ ਮੇਰੀ ਭੈਣ ਕਰਮਜੀਤ। ਅਸੀਂ ਸਾਰੇ ਰਾਜਸਥਾਨ ਦੇ ਜਲ ਸ੍ਰੋਤਾਂ ਦੇ ਬਾਰੇ ਜਾਣਨਾ ਚਾਹੁੰਦੇ ਹਾਂ।

**ਬੰਸ਼ੀਧਰ:** ਆਓ ਬੱਚਿਓ ਬੈਠੋ ! ਦੱਸੋ ਕੀ ਜਾਣਨਾ ਹੈ ?

**ਕਰਮਜੀਤ:** ਬਾਬਾ, ਪਾਣੀ ਦੇ ਕਿਹੜੇ-ਕਿਹੜੇ ਸ੍ਰੋਤ ਨੇ ਰਾਜਸਥਾਨ ਵਿਚ ?

**ਬੰਸ਼ੀਧਰ:** ਰਾਜਸਥਾਨ ਵਿਚ ਮੀਂਹ ਵੀ ਘੱਟ ਪੈਂਦਾ ਹੈ ਤੇ ਸਦਾਬਹਾਰ ਨਦੀਆਂ ਵੀ ਘੱਟ ਹੀ ਹਨ। ਪੱਛਮੀ ਰਾਜਸਥਾਨ ਵਿਚ ਤਾਂ ਪਾਣੀ ਦੀ ਬੇਹੱਦ ਕਿੱਲਤ ਰਹਿੰਦੀ ਹੈ। ਇਸ ਲਈ ਜਿੰਨਾ ਵੀ ਪਾਣੀ ਮਿਲੇ ਉਸਨੂੰ ਸੰਭਾਲ ਕੇ ਰੱਖਣਾ ਸਾਡੀ ਲੋੜ ਬਣ ਗਈ !

**ਕਰਮਜੀਤ:** ਤਾਂ ਇਸਦੇ ਲਈ ਕੀ ਕੀਤਾ ਜਾਂਦਾ ਹੈ ਬਾਬਾ ?

**ਬੰਸ਼ੀਧਰ:**ਪੁਰਾਣੇ ਜ਼ਮਾਨੇ ਤੋਂ ਹੀ ਬਾਰਿਸ਼ ਦੇ ਪਾਣੀ ਨੂੰ ਜਮ੍ਹਾ ਕਰਨ ਲਈ ਅਸੀਂ ਤਲਾਬਾਂ ਦਾ ਨਿਰਮਾਣ ਕਰਦੇ ਰਹੇ ਹਾਂ । ਲੋਕ ਖੁਦ ਹੀ ਇੰਨ੍ਹਾਂ ਦੀ ਦੇਖਭਾਲ ਕਰਦੇ ਸਨ ।ਨਵੇਂ ਵਿਕਾਸ ਨੇ ਬਹੁਤੇ ਤਲਾਬ ਤਾਂ ਕਰ ਦਿੱਤੇ ਖਤਮ ਪਰ ਹੁਣ ਵੀ ਕਈ ਤਲਾਬ ਬਚੇ ਹੋਏ ਨੇ।

**ਸੁਮਿਤ:** ਉਥੇ ਤਾਂ ਕਈ ਝੀਲਾਂ ਵੀ ਨੇ !

**ਬੰਸ਼ੀਧਰ:** ਹਾਂ ! ਪਾਣੀ ਦੇ ਸੁਰੱਖਿਅਣ ਵਾਸਤੇ ਇਨ੍ਹਾਂ ਝੀਲਾਂ ਦੀ ਕਾਫੀ ਮਹੱਤਤਾ ਸੀ । ਕਈ ਝੀਲਾਂ ਤਾਂ ਸੈਂਕੜੇ ਸਾਲ ਪੁਰਾਣੀਆਂ ਹਨ ਜਿੰਨ੍ਹਾਂ ਨੂੰ ਇੱਥੋਂ ਦੇ ਰਾਜਿਆਂ ਤੇ ਵੱਡੇ-ਵੱਡੇ ਸੇਠਾਂ ਨੇ ਬਣਾਇਆ ਸੀ। ਇੰਨ੍ਹਾਂ ਝੀਲਾਂ ਦਾ ਪਾਣੀ ਸਿੰਚਾਈ ਲਈ ਤੇ ਕਿਤੇ-ਕਿਤੇ ਪੀਣ ਦੇ ਲਈ ਵੀ ਵਰਤਿਆ ਜਾਂਦਾ ਹੈ ।

**ਕਰਮਜੀਤ:** ਰਾਜਸਥਾਨ ਵਿਚ ਤਾਂ ਕਈ ਸੁੰਦਰ ਬਾਵੜੀਆਂ ਵੀ ਹਨ।

**ਬੰਸ਼ੀਧਰ:** ਹਾਂ,ਬਾਵੜੀਆਂ ਮੰਦਿਰਾਂ ਜਾ ਮੱਠਾਂ ਦੇ ਨੇੜੇ ਬਣਾਈਆਂ ਜਾਂਦੀਆਂ ਸਨ।ਛੋਟੇ ਤਲਾਬਾਂ (ਪੋਖੜੀਆਂ/ਨਾਡੀਆਂ) ਵਿਚ ਵੀ ਮੀਂਹ ਦਾ ਪਾਣੀ ਜਮ੍ਹਾ ਕੀਤਾ ਜਾਂਦਾ ਸੀ।ਇੰਨ੍ਹਾਂ ਤਲਾਬਾਂ ਤੇ ਬਾਵੜੀਆਂ ਨੇ ਹੀ ਲੰਬੇ-ਲੰਬੇ ਸੋਕਿਆਂ ਦੌਰਾਨ ਸਾਡੇ ਪੂਰਵਜਾਂ ਦੀਆਂ ਜਿੰਦਗੀਆਂ ਬਚਾਈਆਂ ।ਹੁਣ ਵੀ ਇਹ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਹਨ।

**ਕਰਮਜੀਤ:** ਪਰ ਸੁਣਿਆ ਹੈ ਕਿ ਅੱਜਕੱਲ ਤਾਂ ਰਾਜਸਥਾਨ ਵਿੱਚ ਪਾਣੀ ਬਚਾਉਣ ਦੀ ਕਿਸੇ ਨੂੰ ਵੀ ਫਿਕਰ ਨਹੀਂ ।

**ਬੰਸ਼ੀਧਰ:** ਅਜਿਹਾ ਨਹੀਂ ਬੇਟੀ ! ਕੀ ਤੂੰ ਰਾਜਿੰਦਰ ਸਿੰਘ ਦਾ ਨਾਮ ਸੁਣਿਆ ਹੈ ?

**ਸੁਮਿਤ:** ਕੌਣ...... ਉਹੀ ਨਾ...... ਜਿੰਨ੍ਹਾਂ ਨੂੰ ਜਲਪੁਰਸ਼ ਵੀ ਕਹਿੰਦੇ ਨੇ ?

**ਬੰਸ਼ਧੀਰ:** ਹਾਂ ਉਹੀ ! ਉਨ੍ਹਾਂ ਨੇ ਰਾਜਸਥਾਨ ਦੇ ਸੋਕਾ ਪੀੜਤ ਇਲਾਕਿਆਂ ਵਿਚ ਛੋਟੇ-ਛੋਟੇ ਤਲਾਬ ਬਣਾ ਕੇ ਮੀਂਹ ਦੇ ਪਾਣੀ ਨੂੰ ਸਹੇਜਣਦਾ ਕੰਮ ਕੀਤਾ। ਰਾਜਿੰਦਰ ਸਿੰਘ ਤੇ ਉਸਦੇ ਸਾਥੀਆਂ ਨੇ ਹਜ਼ਾਰਾਂ ਪਿੰਡਾਂ ਵਿਚ **ਜੌਹੜ** ਬਣਾਏ। ਇਨ੍ਹਾਂ ਵਿੱਚੋਂ ਕਈ ਪਿੰਡ ਤਾਂ ਪਾਣੀ ਨਾ ਹੋਣ ਕਰਕੇ ਵਿਰਾਨ ਹੋ ਚੁੱਕੇ ਸਨ, ਖੇਤੀ ਦੀ ਉਮੀਦ ਮੁੱਕ ਚੁੱਕੀ ਸੀ। ਇਨ੍ਹਾਂ ਕੋਸ਼ਿਸ਼ਾਂ ਦਾ ਨਤੀਜਾ ਉੱਥੇ ਫ਼ਸਲਾਂ ਲਹਿ ਲਹਾਉਣ ਲੱਗ ਪਈਆਂ ਹਨ ।

**ਕਰਮਜੀਤ:** ਬਾਬਾ ! ਕਿਵੇਂ ਕੀਤਾ ਉਨ੍ਹਾਂ ਨੇ ਇਹ ਸੱਭ ਕੁੱਝ ?

**ਬੰਸ਼ਧੀਰ:** ਉਨ੍ਹਾਂ ਨੇ ਪਿੰਡਾਂ ਵਿਚ ਨਵੇਂ **ਜੌਹੜ** ਤੇ ਛੋਟੇ-ਛੋਟੇ ਤਲਾਬ ਬਨਾਉਣ ਦੇ ਨਾਲ ਨਾਲ ਪੁਰਾਣੇ **ਜੌਹੜਾਂ** ਨੂੰ ਵੀ ਸੁਰਜੀਤ ਕੀਤਾ। ਮੀਂਹ ਦਾ ਪਾਣੀ ਇੰਨ੍ਹਾਂ ਵਿਚ ਜਮ੍ਹਾ ਹੋ ਕੇ ਲੋਕਾਂ ਦੇ ਕੰਮ ਆਇਆ ਤੇ ਉਸ ਨਾਲ ਆਸ-ਪਾਸ ਦੇ ਭੂ-ਜਲ ਪੱਧਰ ਵਿਚ ਵੀ ਸੁਧਾਰ ਹੋਇਆ ।

**ਕਰਮਜੀਤ:** ਇਹ ਤਾਂ ਬਹੁਤ ਹੀ ਵਧੀਆ ਉਪਾਅ ਹੈ !

**ਬੰਸ਼ੀਧਰ:**ਖ਼ਾਸ ਗੱਲ ਇਹ ਹੈ ਕਿ ਰਾਜਿੰਦਰ ਸਿੰਘ ਨੇ ਪਾਣੀ ਦੀ ਸੰਭਾਲ ਲਈ ਸਾਡੇ ਪੂਰਵਜਾਂ ਵੱਲੋਂ ਵਰਤੇ ਜਾਂਦੇ ਉਹੀ ਰਵਾਇਤੀ ਤਰੀਕੇ ਵਰਤੇ ਜਿਨ੍ਹਾਂ ਦਾ ਮੂਲ਼-ਮੰਤਰ ਹੈ , **'ਜਿੱਥੇ ਦਾ ਪਾਣੀ, ਉੱਥੇ ਹੀ ਬਚਾਓ'** ।

**ਸੁਮਿਤ:** ਮਤਲਬ ?

**ਬੰਸ਼ੀਧਰ:**ਮਤਲਬ ਕਿ ਪਾਣੀ ਨੂੰ ਬਚਾਉਣ ਲਈ ਸਭ ਤੋਂ ਸਰਲ ਤਰੀਕੇ ਦੀ ਵਰਤੋਂ ਕਰੋ । ਕਿਸੇ ਇਲਾਕੇ ਦੇ ਮੀਂਹ ਦੇ ਪਾਣੀ ਨੂੰ ਉਸੇ ਇਲਾਕੇ ਵਿਚ ਸੁਰੱਖਿਅਤ ਰੱਖਣਾ ਜ਼ਿਆਦਾ ਆਸਾਨ ਅਤੇ ਘੱਟ ਖਰਚੀਲਾ ਹੋਵੇਗਾ।

**ਕਰਮਜੀਤ:** ਇਸ ਨਾਲ ਤਾਂ ਬਾਬਾ! ਬਹੁਤ ਸਾਰੇ ਪਿੰਡਾਂ ਨੂੰ ਫਇਦਾ ਹੋਇਆ ਹੋਵੇਗਾ।

**ਬੰਸ਼ੀਧਰ:** ਹਾਂ ! ਖੇਤੀ ਲਈ ਪਾਣੀ ਮਿਲਿਆ , ਧਰਤੀ ਦੇ ਜਲ-ਪੱਧਰ ਵਿਚ ਸੁਧਾਰ ਹੋਇਆ ਤੇ ਇਸਦਾ ਅਸਰ ਦੂਸਰੇ ਜਲ ਸ੍ਰੋਤਾਂ ਵਿਚ ਵੀ ਦੇਖਣ ਨੂੰ ਮਿਲਿਆ।ਸਮੁੱਚੇ ਰਾਜਸਥਾਨ ਵਿਚ ਕਈ ਸੰਸਥਾਵਾਂ ਤੇ ਬਹੁਤ ਸਾਰੇ ਲੋਕ ਪਾਣੀ ਬਚਾਉਣ ਦੀ ਮੁਹਿੰਮ ਨਾਲ ਜੁੜੇ ਹੋਏ ਹਨ।

**ਸੁਮਿਤ:** ਹਾਂ ਬਾਬਾ, ਸਾਨੂੰ ਰਾਜਸਥਾਨ ਦੇ ਲੋਕਾਂ ਤੋਂ ਸਿੱਖਣ ਦੀ ਜ਼ਰੂਰਤ ਹੈ ! ਉਨ੍ਹਾਂ ਨੇ ਤਾਂ ਘੱਟ ਪਾਣੀ ਦੇ ਬਾਵਜੂਦ ਜ਼ਿੰਦਗੀ ਨੂੰ ਖ਼ੁਸ਼ਹਾਲ ਬਣਾਉਣ ਦੀ ਮੁਹਿੰਮ ਜਾਰੀ ਰੱਖੀ ਹੈ। ਹੁਣ ਅਸੀਂ ਚੱਲਦੇ ਹਾਂ ਬਾਬਾ। ਕੁਝ ਦੂਸਰੇ ਸਟਾਲ ਵੀ ਦੇਖ ਲੈਂਦੇ ਹਾਂ। ਨਮਸਤੇ।

**ਕਰਮਜੀਤ:** ਬਹੁਤ – ਬਹੁਤ ਧੰਨਵਾਦ ਬਾਬਾ। ਤੁਸੀਂ ਸਾਨੂੰ ਐਨਾ ਕੁੱਝ ਦੱਸਿਆ।

**ਬੰਸ਼ੀਧਰ:** ਠੀਕ ਹੈ ਬੱਚਿਓ......ਖੁਸ਼ ਰਹੋ।

(ਰਾਜਸਥਨੀ ਲੋਕਧੁਨ...... ਹੌਲੀ-ਹੌਲੀ ਧੀਮੀ ਪੈਂਦੀ ਹੋਈ/ ਜਲ ਮਹਾਂਉਤਸਵ ਦੀਆਂ ਮਿਲੀਆਂ ਜੁਲੀਆਂ ਆਵਾਜ਼ਾਂ)

**ਕਰਮਜੀਤ:** ਵੀਰੇ ! ਅਜੇ ਤਾਂ ਅਸੀਂ ਇਕ ਰਾਜ ਦਾ ਸਟਾਲ ਹੀ ਦੇਖਿਆ ਹੈ , ਵਕਤ ਬਹੁਤ ਗੁਜ਼ਰ ਗਿਆ।

**ਸੁਮਿਤ:** ਉਹ ਦੇਖ ਕਰਮਜੀਤ... ਸਾਹਮਣੇ...ਡਾ. ਇਰਫ਼ਾਨ ਅੰਕਲ... ਸਾਡੇ ਵੱਲ ਆ ਰਹੇ ਹਨ।

(ਪੈਰਾਂ ਦੀ ਆਵਾਜ਼ ਨੇੜੇ ਆਉਂਦੀ ਹੋਈ)

**ਸੁਮਿਤ ਤੇ ਕਰਮਜੀਤ:** ਨਮਸਤੇ ਅੰਕਲ......।

**ਡਾ. ਇਰਫ਼ਾਨ:** ਕਿਵੇਂ ਲੱਗ ਰਿਹਾ ਹੈ ਜਲ ਮਹਾਂਉਤਸਵ ?

**ਕਰਮਜੀਤ:** ਬਹੁਤ ਵਧੀਆ ਅੰਕਲ !

**ਡਾ. ਇਰਫ਼ਾਨ:** ਚਲੋ, ਮੈਂ ਵੀ ਚੱਲਦਾ ਹਾਂ, ਤੁਹਾਡੇ ਨਾਲ !

**ਸੁਮਿਤ:** ਅੰਕਲ ! ਉਧਰ ਦੇਖੋ ...ਕਿੰਨਾ ਸੁੰਦਰ ਸੰਗੀਤ ਸੁਣਾਈ ਦੇ ਰਿਹਾ ਹੈ।

(ਸਾਰਿਆਂ ਦੇ ਚੱਲਣ ਦੀ ਆਵਾਜ਼/ ਉੱਤਰਾਖੰਡ ਦੀ ਲੋਕਧੁਨ/ ਹੌਲੀ-ਹੌਲੀ ਕਰੀਬ ਆਉਂਦੀ ਹੋਈ)

**ਇਰਫਾਨ:**ਇਹ ਤਾਂ ਉੱਤਰਾਖੰਡ ਦੀ ਸਟਾਲ ਹੈ। ਉਹ ਦੇਖੋ ਹਿਮਾਲਿਆ ਤੋਂ ਨਿਕਲਦੀ ਹੋਈ ਗੰਗਾ ਤੇ ਜਮੁਨਾ ਦੀ ਝਾਕੀ ਕਿੰਨੀ ਸੁੰਦਰ ਬਣਾਈ ਹੈ !

**ਕਰਮਜੀਤ:** ਉਥੇ ਤਾਂ ਐਨਾ ਪਾਣੀ ਪਹਿਲਾਂ ਹੀ ਹੈ । ਉੱਥੇ ਭਲਾ ਪਾਣੀ ਸੁਰੱਖਿਅਣ ਦੀ ਕੀ ਜ਼ਰੂਰਤ ?

**ਸੁਮਿਤ:** ਚਲੋ ਉਨ੍ਹਾਂ ਤੋਂ ਪੁੱਛ ਲੈਂਦੇ ਹਾਂ। ਉਹ ਦੇਖੋ, ਇਕ ਔਰਤ ਬੈਠੀ ਹੈ... ਘੜਾ ਲਈ ।

(ਦੋਨਾਂ ਦੇ ਚੱਲਣ ਦੀ ਆਵਾਜ਼)

**ਕਰਮਜੀਤ:** ਨਮਸਤੇ ਅੰਟੀ। ਮੈਂ ਹਾਂ ਕਰਮਜੀਤ ਤੇ ਇਹ ਹੈ ਮੇਰਾ ਭਾਈ ਸੁਮਿਤ। ਅਸੀਂ ਉਤਰਾਖੰਡ ਦੇ ਜਲ ਸ੍ਰੋਤਾਂ ਬਾਰੇ ਸਮਝਣਾ ਚਾਹੁੰਦੇ ਹਾਂ।

**ਗੋਦਾਵਰੀ:** ਕੀ ਦੱਸਾਂ ਬੇਟੀ ? ਉੱਥੇ ਤਾਂ ਬੜੀ ਕਿੱਲਤ ਹੋਣ ਲੱਗੀ ਹੈ ਪਾਣੀ ਦੀ।

**ਕਰਮਜੀਤ:** ਪਾਣੀ ਦੀ ਕਿੱਲਤ ?

**ਗੋਦਾਵਰੀ:** ਹਾਂ ਬੇਟੀ ! ਉਹ ਤਾਂ ਪੁਰਾਣੀ ਗੱਲ ਹੋ ਗਈ ਜਦੋਂ ਪਹਾੜਾਂ ਦੇ **ਨੌਲੇ-ਧਾਰੇ** ਪਾਣੀ ਨਾਲ ਭਰਪੂਰ ਰਹਿੰਦੇ ਸੀ। ਹੁਣ ਤਾਂ ਉੱਥੇ ਵੀ ਪਾਣੀ ਲਈ ਮਾਰਾਮਾਰੀ ਹੈ।

**ਸੁਮਿਤ:** ਇਹ **ਨੌਲੇ - ਧਾਰੇ** ਕੀ ਹਨ?

**ਡਾ.ਇਰਫ਼ਾਨ:**ਪਹਾੜਾਂ ਵਿਚ ਚਟਾਨਾਂ ਤੋਂ ਨਿਕਲਣ ਵਾਲੀਆਂ ਛੋਟੀਆਂ-ਛੋਟੀਆਂ ਜਲ ਧਾਰਾਵਾਂ ਨੂੰ ਕਹਿੰਦੇ ਨੇ **ਧਾਰੇ**।ਪਹਾੜਾਂ ਦੀ 60% ਤੋਂ ਵੀ ਵੱਧ ਅਬਾਦੀ ਪਾਣੀ ਦੇ ਲਈ ਹੁਣ ਵੀ ਇੰਨ੍ਹਾਂ **ਨੌਲੇ , ਧਾਰਿਆਂ** ‘ਤੇ ਨਿਰਭਰ ਹੈ। ।

**ਕਰਮਜੀਤ:** ਤੇ **ਨੌਲੇ** ਕੀ ਹੁੰਦੇ ਨੇ ਅੰਕਲ ?

**ਡਾ.ਇਰਫ਼ਾਨ:** ਕਿਸੇ ਚਟਾਨ ਤੋਂ ਹੌਲੀ-ਹੌਲੀ ਰਿਸਦੇ ਪਾਣੀ ਨੂੰ ਲੋਕ ਇਕ ਛੋਟੇ ਜਿਹੇ ਕੁੰਡ ਵਿਚ ਜਮ੍ਹਾ ਕਰ ਲੈਂਦੇ ਹਨ।ਤਿੰਨ ਚਾਰ ਫੁੱਟ ਡੂੰਘਾਈ ਵਾਲੇ ਇਸ ਕੁੰਡ ਨੂੰ ਦੀਵਾਰਾਂ ਤੇ ਛੱਤਾਂ ਨਾਲ ਸੁਰੱਖਿਅਤ ਕਰ ਦਿੱਤਾ ਜਾਂਦਾ ਹੈ। ਇਸੇ ਨੂੰ **ਨੌਲਾ** ਕਹਿੰਦੇ ਹਨ। ਮੱਧ ਹਿਮਾਲੀ ਖੇਤਰ ਵਿਚ ਹੁਣ ਵੀ ਹਜ਼ਾਰਾਂ **ਨੌਲੇ** ਮੌਜੂਦ ਹਨ।

**ਸੁਮਿਤ:** ਤਾਂ ਉੱਥੇ ਪਾਣੀ ਦੀ ਕਮੀ ਕਿਵੇਂ ਹੋ ਗਈ?

**ਗੋਦਾਵਰੀ:** ਬੇਟੇ,ਜੰਗਲਾਂ ਤੋਂ ਮਿਲਦਾ ਸੀ ਪਾਣੀ! ਜਦੋਂ ਵਿਕਾਸ ਦੇ ਨਾਮ ‘ਤੇ ਜੰਗਲ ਹੀ ਖ਼ਤਮ ਕਰਨੇ ਸੁਰੂ ਕਰ ਦਿੱਤੇ... ਤਾਂ ਪਾਣੀ ਕਿੱਥੋਂ ਆਵੇਗਾ ? ਕਿੱਲਤ ਤਾਂ ਹੋਵੇਗੀ ਹੀ ਨਾ ?

**ਡਾ.ਇਰਫ਼ਾਨ:**ਬਿਲਕੁਲ ਸਹੀ! ਪਹਾੜੀ ਖੇਤਰਾਂ ਵਿਚ ਜੰਗਲ ਬਹੁਤੇ ਸਨ ਤੇ ਅਬਾਦੀ ਸੀ ਘੱਟ। ਜੰਗਲਾਂ ਦੀ ਬਦੌਲਤ ਧਰਤੀ ਵਿਚ ਪਾਣੀ ਦੀ ਮੁੜ ਭਰਾਈ ਹੁੰਦੀ ਰਹਿੰਦੀ ਸੀ...ਜਿੰਨਾ ਪਾਣੀ ਉਪਯੋਗ ਹੁੰਦਾ... ਓਨਾ ਫਿਰ ਤੋਂ ਧਰਤੀ ਦੇ ਅੰਦਰ ਸਿੰਮਦਾ ਰਹਿੰਦਾ ਸੀ।

**ਕਰਮਜੀਤ:** ਹੁਣ ਕੀ ਹੋ ਗਿਆ?

**ਡਾ. ਇਰਫ਼ਾਨ:** ਹੌਲੀ-ਹੌਲੀ ਜੰਗਲ ਖ਼ਤਮ ਹੋਣ ਲੱਗੇ। ਬਾਰਿਸ਼ ਦਾ ਪਾਣੀ ਰੁਕਣ ਦੀ ਬਜਾਇ ਵਹਿ ਕੇ ਹੇਠਲੇ ਇਲਾਕਿਆਂ ਵਿਚ ਜਾਣ ਲੱਗਿਆ। ਜ਼ਮੀਨ ਹੇਠਲਾ ਪਾਣੀ ਡੂੰਘਾ ਜਾਂਦਾ ਰਿਹਾ ਤੇ ਕਿੱਲਤ ਵਧਦੀ ਗਈ।

**ਗੋਦਾਵਰੀ:** ਹਾਂ ! ਸਹੀ ਕਿਹਾ ! ਕਰੀਬ ਦਸ ਸਾਲ ਪਹਿਲਾਂ ਸਾਡੇ ਪਿੰਡ ਦੇ **ਨੌਲੇ** ਵੀ ਸੁੱਕ ਗਏ ਸਨ। ਫਿਰ ਸਾਰੇ ਪਿੰਡ ਵਾਲਿਆਂ ਨੇ ਮਿਲ ਕੇ, ਉਚਾਈ ਵਾਲੇ ਇਲਾਕਿਆਂ ਵਿਚ **ਬਾਂਸ** ਤੇ **ਬੁਰਾਂਸ਼** ਦੇ ਪੌਦੇ ਲਗਾਏ। ਉਨ੍ਹਾਂ ਪੌਦਿਆਂ ਦੀ ਬਦੌਲਤ ਅੱਜ ਸਾਡੇ **ਨੌਲੇ** ਮੁੜ ਭਰਨੇ ਸੁਰੂ ਹੋ ਗਏ ਹਨ!

**ਡਾ. ਇਰਫ਼ਾਨ:** ਹਾਂ ਕਰਮਜੀਤ **ਬਾਂਸ** ਤੇ **ਬੁਰਾਂਸ਼** ਅਜਿਹੇ ਪੌਦੇ ਹਨ ਜੋ ਪਰਬਤੀ ਜਲਵਾਯੂ ਵਿਚ ਲੱਗਦੇ ਹਨ। ਧਰਤੀ ਦੇ ਜਲ-ਪੱਧਰ ਨੂੰ ਕਾਇਮ ਰੱਖਣ ਵਿਚ ਇੰਨ੍ਹਾਂ ਦਾ ਅਹਿਮ ਯੋਗਦਾਨ ਹੈ।

**ਸੁਮਿਤ:** ਹਾਂ ! ਚਾਹੇ ਰੇਗਿਸਤਾਨ ਹੋਵੇ ਜਾਂ ਪਹਾੜੀ ਖੇਤਰ ...... ਜੇ ਅਸੀਂ ਕੁਦਰਤ ਨਾਲ ਇਕਸੁਰਤਾ ਨਾਲ ਨਹੀਂ ਚੱਲਾਂਗੇ ਤਾਂ ਉਸਦੇ ਨਤੀਜੇ ਤਾਂ ਸਾਨੂੰ ਭੁਗਤਣੇ ਹੀ ਪੈਣਗੇ।

**ਗੋਦਾਵਰੀ:** ਕੇਵਲ ਸਾਨੂੰ ਹੀ ਨਹੀਂ ! ਸਾਡੀਆਂ ਕਈ ਪੀੜ੍ਹੀਆਂ ਨੂੰ ਸਾਡੀਆਂ ਗਲਤੀਆਂ ਦੀ ਸਜ਼ਾ ਭੁਗਤਣੀ ਪਵੇਗੀ।

**ਡਾ. ਇਰਫ਼ਾਨ:** ਹਾਂ ! ਚਾਹੇ ਹਿਮਾਲੀ ਖੇਤਰ ਦੇ ਜਲ ਸ੍ਰੋਤਾਂ ਨੂੰ ਲੈ ਲਓ ਜਾਂ ਫਿਰ ਪੱਛਮੀ ਰਾਜਸਥਾਨ ਦੀਆਂ **ਬਾਵੜੀਆਂ** ਨੂੰ, ਸਾਡੇ ਪੂਰਵਜਾਂ ਨੇ ਪਾਣੀ ਦੀ ਮਹੱਤਤਾ ਨੂੰ ਸਮਝਦੇ ਹੋਏ ਜਲ-ਸ੍ਰੋਤਾਂ ਦੇ ਸੁਰੱਖਿਅਣ ‘ਤੇ ਕਾਫ਼ੀ ਧਿਆਨ ਦਿੱਤਾ ਹੋਇਆ ਸੀ । ਸਾਨੂੰ ਵੀ ਇਸ ਦਿਸ਼ਾ ਵਿਚ ਕਾਫੀ ਕੁਝ ਕਰਨ ਦੀ ਜ਼ਰੂਰਤ ਹੈ।

**ਕਰਮਜੀਤ:** ਹੁਣ ਅਸੀਂ ਕੋਈ **ਬਾਵੜੀ** ਤਾਂ ਨਹੀਂ ਬਣਾ ਸਕਦੇ ਨਾ ?

**ਡਾ. ਇਰਫ਼ਾਨ:** **ਬਾਵੜੀ** ਨਾ ਸਹੀ, ਸਮੂਹਿਕ ਤੇ ਵਿਅਕਤੀਗਤ ਪੱਧਰ ‘ਤੇ ਪਾਣੀ ਦੀ ਬੱਚਤ ਤਾਂ ਕਰ ਹੀ ਸਕਦੇ ਹਾਂ।ਪਾਣੀ ਜਾਇਆ ਨਾ ਜਾਣ ਦੇਈਏ, ਲੋੜ ਅਨੁਸਾਰ ਹੀ ਪਾਣੀ ਵਰਤੀਏ, ਲੀਕ ਕਰਦੀਆਂ ਟੂਟੀਆਂ ਠੀਕ ਕਰਵਾਈਏ।

**ਸੁਮਿਤ:** ਮੈਂ ਦੇਖਿਆ ਹੈ ਕਈ ਲੋਕ ਪਾਈਪ ਲਗਾ ਕੇ ਕਾਰਾਂ ਧੋਂਦੇ ਹਨ, ਇਸ ਦੀ ਥਾਂ ਜੇਕਰ ਬਾਲਟੀ ਤੇ ਮੱਗ ਦੀ ਵਰਤੋਂ ਕਰੀਏ ਤਾਂ ਕਾਫ਼ੀ ਪਾਣੀ ਬਚ ਸਕਦਾ ਹੈ।

**ਡਾ.ਇਰਫ਼ਾਨ:**ਹਾਂ,ਅਜਿਹੀਆਂ ਛੋਟੀਆਂ-ਛੋਟੀਆਂ ਗੱਲਾਂ ਹੋਰ ਵੀ ਬਹੁਤ ਹਨ,ਜੋ ਪਾਣੀ ਦੀ ਕਿੱਲਤ ਤੋਂ ਬਚਾ ਸਕਦੀਆਂ ਹਨ।ਪਰ ਅਜਕਲ ਤਾਂ ਖੇਤਾਂ ਦੀ ਸਿੰਚਾਈ ਦੌਰਾਨ ਵੀ ਇਕ ਅਜੀਬ ਜਿਹਾ ਰਵੱਈਆ ਦੇਖਣ ਨੂੰ ਮਿਲਦਾ ਹੈ।

**ਕਰਮਜੀਤ:** ਕਿਹੋ ਜਿਹਾ ਰਵੱਈਆ ਅੰਕਲ ?

**ਡਾ. ਇਰਫ਼ਾਨ:** ਖੇਤ ਦੇ ਟਿਊਬਵੈੱਲ ਵਾਲਾ ਉਸਦੀ ਵਰਤੋਂ ਇਸ ਤਰ੍ਹਾਂ ਕਰਦਾ ਹੈ, ਜਿਵੇਂ ਪਾਣੀ ਉਸਦੀ ਨਿੱਜੀ ਸੰਪਤੀ ਹੋਵੇ। ਉਹ ਭੁੱਲ ਜਾਂਦਾ ਹੈ ਕਿ ਧਰਤੀ ਦੇ ਅੰਦਰਲਾ ਪਾਣੀ ਸਭ ਦਾ ਸਾਂਝਾ ਹੈ। ਉਸ ਪਾਣੀ ਉੱਤੇ ਕਿਸੇ ਇੱਕਲੇ

ਇਕਹਿਰੇ ਦਾ ਅਧਿਕਾਰ ਨਹੀਂ।

**ਗੋਦਾਵਰੀ:** ਸਹੀ ਗੱਲ ਹੈ, ਜਦੋਂ ਅਧਿਕਾਰ ਨਹੀਂ ਤਾਂ ਉਸ ਪਾਣੀ ਨੂੰ ਫਜ਼ੂਲ ਵਹਾਉਣ ਦਾ ਵੀ ਕੋਈ ਹੱਕ ਨਹੀਂ !

**ਸੁਮਿਤ :** ਆਹੋ ਜੀ ! ਇਸੇ ਤਰ੍ਹਾਂ ਜੰਗਲ ਵੀ ਤਾਂ ਸੱਭ ਦੀ ਸਾਂਝੀ ਸੰਪਤੀ ਨੇ!

**ਗੋਦਾਵਰੀ:** ਪਰ ਇਮਾਰਤੀ ਲੱਕੜੀ ਦੇ ਲਈ ਜੰਗਲਾਂ ਦਾ ਬੇਹਿਸਾਬ ਵਾਢਾ ਕੀਤਾ ਜਾਂਦਾ ਹੈ ਤੇ ਇਸਦੇ ਕਾਰਨ ਪੀਣ ਦੇ ਪਾਣੀ ਲਈ ਤਰਸਣਾ ਪੈਂਦਾ ਹੈ ਸਾਨੂੰ ।

**ਕਰਮਜੀਤ:** ਸਹੀ ਕਿਹਾ ਅੰਟੀ ਤੁਸੀਂ। ਬਹੁਤ ਚੰਗਾ ਲੱਗਿਆ ਤੁਹਾਡੇ ਨਾਲ ਗੱਲ ਕਰਕੇ, ਹੁਣ ਅਸੀਂ ਚਲਦੇ ਹਾਂ !

**ਗੋਦਾਵਰੀ:** ਠੀਕ ਹੈ ਬੇਟੀ......।

**ਇਰਫਾਨ:** ਆਓ ਮੇਰੇ ਦਫਤਰ ਵਿੱਚ ਬੈਠਦੇ ਹਾਂ !

(ਪਹਾੜੀ ਧੁਨ ਹੌਲੀ-ਹੌਲੀ ਧੀਮੀ ਪੈਂਦੀ ਹੋਈ/ ਕਦਮਾਂ ਦੀ ਆਵਾਜ਼)

.........**ਦ੍ਰਿਸ਼ ਬਦਲਾਅ ਸੰਗੀਤ**......

**ਦ੍ਰਿਸ਼-4**

( ਇਰਫਾਨ ਦਾ ਦਫਤਰ, ਕਿਤਾਬਾਂ ਦੀ ਅਲਮਾਰੀ , ਨਕਸ਼ੇ ਤੇ ਚਾਰਟ )

**ਡਾ. ਇਰਫ਼ਾਨ:**ਜਲ-ਸ੍ਰੋਤਾਂ ਦੀ ਸੰਭਾਲ ਦੀ ਕੋਸ਼ਿਸ਼ ਸਾਨੂੰ ਖੁਦ ਹੀ ਕਰਨੀ ਪਵੇਗੀ।ਵਿਕਾਸ ਜ਼ਰੂਰੀ ਹੈ ਪਰ ਕੁਦਰਤ ਨਾਲ ਇਕਸੁਰਤਾ ਵੀ ਜ਼ਰੂਰੀ ਹੈ। ਸਾਰੇ ਮੁੱਦਿਆਂ ਲਈ ਕਈ ਪਹਿਲੂਆਂ ‘ਤੇ ਗੌਰ ਕਰਨੀ ਪਵੇਗੀ! ਚਾਹੇ ਪਾਣੀ ਤੱਕ ਸਾਰਿਆਂ ਦੀ ਪਹੁੰਚ ਦਾ ਮੁੱਦਾ ਹੋਵੇ ਜਾਂ ਕੂੜੇ ਨੂੰ ਸਹੀ ਢੰਗ ਨਾਲ ਨਿਪਟਾਉਣ ਦਾ ਮਸਲਾ...।

**ਕਰਮਜੀਤ:** ਕੂੜੇ ਦੀ ਗੱਲ ਕਿੱਥੋਂ ਆ ਗਈ ਅੰਕਲ?

**ਡਾ. ਇਰਫ਼ਾਨ:** ਚਾਹੇ ਘੇਰੂਲ ਕੂੜਾ ਹੋਵੇ ਜਾਂ ਫਿਰ ਉਦਯੋਗਾਂ ਦਾ ਕਚਰਾ, ਉਸਦਾ ਸਹੀ ਨਿਪਟਾਰਾ ਨਾ ਹੋਣ ਕਰਕੇ , ਪਾਣੀ ਦੇ ਬਹੁਤ ਸਾਰੇ ਸ੍ਰੋਤ ਪ੍ਰਭਾਵਿਤ ਹੋਣਗੇ... ਭੂਮੀਗਤ ਜਲ ਦੇ ਵੀ ਤੇ ਸਤ੍ਹਾ ‘ਤੇ ਵਹਿੰਦੇ ਪਾਣੀ ਦੇ ਵੀ !

**ਕਰਮਜੀਤ:** ਹਾਂ ਅੰਕਲ...। ਜਦੋਂ ਪਾਣੀ ਦੇ ਲਈ ਤਰਸਣ ਲੱਗਾਂਗੇ ਤਾਂ ਬਾਕੀ ਚੀਜ਼ਾਂ ਦਾ ਕੀ ਲਾਭ ?

**ਡਾ. ਇਰਫ਼ਾਨ:**ਬਿਲਕੁਲ...। ਟਿਕਾਊ ਵਿਕਾਸ ਦੀ ਧਾਰਨਾ ਵੀ ਇਹੀ ਹੈ।ਸਾਡਾ ਆਰਥਿਕ ਵਿਕਾਸ ਹੁੰਦਾ ਰਹੇ ਪਰ ਵਾਤਾਵਰਨ ਦੀ ਸੰਭਾਲ ਵੀ ਹੋਵੇ। ਟਿਕਾਊ ਵਿਕਾਸ ਦੇ ਨਿਧਾਰਿਤ ਸੱਤਰ ਉਦੇਸ਼ਾਂ ਵਿੱਚ ਜਲ ਸੁਰੱਖਿਅਣ ਵੀ ਮਹੱਤਵਪੂਰਨ ਮੁੱਦਾ ਹੈ। ਸਥਾਨਕ ਪੱਧਰ ‘ਤੇ ਲੋਕਾਂ ਨੂੰ ਜੋੜ ਕੇ ਹੀ ਇਸ ਮੰਜ਼ਲ ਨੂੰ ਪਾਇਆ ਜਾ ਸਕਦਾ ਹੈ।

**ਸੁਮਿਤ:** ਜਿਵੇਂ ਰਾਜਿੰਦਰ ਸਿੰਘ ਜੀ ਨੇ ਕੀਤਾ ਸੀ ?

**ਡਾ. ਇਰਫ਼ਾਨ:** ਹਾਂ ! ਸਾਡੇ ਦੇਸ਼ ਵਿਚ ਅਜਿਹੇ ਕਈ ਉਦਾਹਰਨ ਹਨ ਜਦੋਂ ਲੋਕਾਂ ਨੇ ਪਾਣੀ ਦੇ ਮੁੱਦੇ ਨੂੰ ਬੇਹੱਦ ਮਜ਼ਬੂਤੀ ਨਾਲ ਉਠਾਇਆ ਅਤੇ ਮੌਜੂਦਾ ਵਿਕਾਸ ਸੰਬੰਧਤ ਮੁੱਦਿਆਂ ਦੇ ਸਵਾਲ ਵੀ ਸਰਕਾਰਾਂ ਦੇ ਸਾਹਮਣੇ ਰੱਖੇ।

**ਕਰਮਜੀਤ:** ਅੱਛਾ?

**ਡਾ. ਇਰਫ਼ਾਨ:** ਹਾਂ ! ਆਪਣੇ ਦੇਸ਼ ਵਿਚ ਚਿਪਕੋ, ਨਰਮਦਾ ਬਚਾਓ ਤੇ ਟੇਹਰੀ ਬਚਾਓ ਅੰਦੋਲਨ ਵੱਡੀਆਂ ਉਦਾਹਰਨਾਂ ਹਨ। ਇਹ ਸੱਭ ਪਾਣੀ ਤੇ ਰੁਖਾਂ ਦੇ ਬਚਾਓ ਨਾਲ ਜੁੜੇ ਹੋਏ ਸਨ ।

**ਸੁਮਿਤ:** ਅੰਕਲ ! ਪੰਜਾਬ ਵਿੱਚ ਵੀ ਤਾਂ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਨੇ ਲੋਕਾਂ ਦੇ ਸਮੂਹਿਕ ਯਤਨਾਂ ਨਾਲ ਕਰਵਾ ਦਿੱਤੀ ਸਾਫ ਕਾਲੀ ਵੇਂਈ ਵੀ !

**ਡਾ. ਇਰਫ਼ਾਨ:** ਹਾਂ ! ਪਰ ਬੇਈਂ ਵਿੱਚ ਕਾਰਖਾਨਿਆਂ ਦਾ ਪਾਣੀ ਬਿਨਾ ਸੋਧੇ ਸੁੱਟਣ ਦੇ ਪ੍ਰਸ਼ਨ ਤੇ ਉਨ੍ਹਾਂ ਨੂੰ ਕਰਨਾ ਪਿਆ ਤਕੜਾ ਸੰਘਰਸ਼ ਵੀ ! ਵੈਸੇ ਸੰਤ ਸੀਚੇਵਾਲ ਨੇ "ਪਾਣੀ ਬਚਾਓ ਸੰਸਥਾ ਆਪਣੇ ਆਪ ਵਿੱਚ" !

**ਸੁਮਿਤ:** ਅੰਕਲ, ਇਸਦੇ ਲਈ ਸਰਕਾਰੀ ਪੱਧਰ ਉੱਤੇ ਵੀ ਕੋਸ਼ਿਸ਼ਾਂ ਤਾਂ ਹੁੰਦੀਆਂ ਹੀ ਹੋਣਗੀਆਂ।

**ਡਾ. ਇਰਫ਼ਾਨ:** ਹਾਂ...ਹਾਂ...... ਕਿਉਂ ਨਹੀਂ। ਕਈ ਪ੍ਰਕਾਰ ਦੀਆਂ ਸਰਕਾਰੀ ਯੋਜਨਾਵਾਂ ਹਨ। ਪਿੰਡਾਂ ਵਿਚ ਪੀਣ ਦੇ ਪਾਣੀ ਲਈ ਰਾਸ਼ਟਰੀ ਗ੍ਰਾਮੀਣ ਪੇਜਲ ਪ੍ਰੋਗਰਾਮ ਚਲਾਇਆ ਗਿਆ ਹੈ।ਪੰਜਾਬ ਵਿੱਚ ਵੀ ਸੰਸਾਰ ਬੈਂਕ ਦੀ ਸਹਾਇਤਾ ਨਾਲ ਪੇਂਡੂ ਜਲ ਸਕੀਮਾਂ ਚਲਾਈਆਂ ਹਨ ! ਨਦੀਆਂ ਦੀ ਸਾਫ਼ ਸਫਾਈ ਬਾਬਤ ਵੀ ਕਈ ਯੋਜਨਾਵਾਂ ਹਨ। ਗੰਗਾ ਦੀ ਸਫ਼ਾਈ ਪ੍ਰੋਗਰਾਮ ਚਲਾਇਆ ਹੈ।ਪੀਣਯੋਗ ਪਾਣੀ ਦੇ ਹਮੇਸ਼ਾ ਮਿਲਦਾ ਰਹਿਣ ਲਈ ਜਲ ਸੰਭਾਲ, ਜਲ ਸੁਰੱਖਿਅਣ ਤੇ ਜਲ ਪ੍ਰਬੰਧਨ ਵਿਚ ਸਥਾਨਕ ਲੋਕਾਂ ਨੂੰ ਭਾਗੀਦਾਰ ਬਣਾਉਣਾ ਜਰੂਰੀ ਹੈ ।

**ਸੁਮਿਤ:** ਅੰਕਲ ਮੈਨੂੰ ਪਿਆਸ ਲੱਗੀ ਹੈ, ਕਿਤੋਂ ਇਕ ਗਿਲਾਸ ਪਾਣੀ ਮਿਲ ਜਾਵੇ ਤਾਂ ਠੀਕ ਹੈ ।

**ਕਰਮਜੀਤ:** ਪਿਆਸ ਤਾਂ ਮੈਨੂੰ ਵੀ ਲੱਗੀ ਹੈ ।

**ਡਾ. ਇਰਫ਼ਾਨ:**(ਮੁਸਕਰਾਂਦੇ ਹੋਏ) ਠੀਕ ਹੈ...... ਪਾਣੀ ਤਾਂ ਮਿਲ ਜਾਵੇਗਾ ! ਪਰ ਕਰਮਜੀਤ ਹੁਣ ਪਾਣੀ ਦੇ ਲਈ ਤੂੰ ਸੁਮਿਤ ਨਾਲ ਯੁੱਧ ਨਾ ਸ਼ੁਰੂ ਕਰ ਦੇਈਂ !

(ਤਿੰਨਾਂ ਦੀ ਹੱਸੀ......ਹੌਲੀ-ਹੌਲੀ ਧੀਮੀ ਪੈਂਦੀ ਹੋਈ)

**ਪ੍ਰਸ਼ਨ**

ਪ੍ਰਸ਼ਨ -1 ਪਾਣੀ ਸੁਰੱਖਿਅਣ ਕਿਵੇਂ ਹੋਵੇ ?

**ਉੱਤਰ:** ਮੀਂਹ ਦੇ ਪਾਣੀ ਨੂੰ ਤਲਾਬਾਂ ਟੋਭਿਆਂ ਤੇ ਨੌਲਾਂ ਵਿੱਚ ਸਹੇਜ ਕੇ, ਰੁੱਖ ਲਗਾ ਕੇ , ਪਾਣੀ ਦੀ ਜਾਇਆ ਜਾਣ ਤੋਂ ਬਚਾ ਕੇ !

ਪ੍ਰਸ਼ਨ-2 ਜਲ ਪ੍ਰਬੰਧਨ ਵਿੱਚ ਲੋਕਾਂ ਦੀ ਸਰਗਰਮ ਸ਼ਮੂਲੀਅਤ ਵਾਸਤੇ ਕੀ ਜਰੂਰੀ ਹੈ ?

**ਉੱਤਰ :** ਅਧਿਕਾਰੀਆਂ ਵਿੱਚ ਇਸ ਗੱਲ ਦੀ ਮਹੱਤਤਾ ਦਾ ਅਹਿਸਾਸ ਤੇ ਉਨ੍ਹਾਂ ਦੀ ਸੋਚ ਵਿੱਚ ਬਦਲਾਅ !